ਨਵੀਂ ਦਿੱਲੀ
ਪਾਲਿਕਾ ਸਮਾਚਾਰ
(ਦੋ ਮਾਸਿਕ)
ਸਾਲ 36 ਅੰਕ 11-12
ਨਵੰਬਰ-ਦਸੰਬਰ 2013

ਸੰਪਾਦਕੀ ਮੰਡਲ

ਸਰਪ੍ਰਸਤ
ਜਲਜ ਸ੍ਰੀਵਾਸਤਵ
ਪ੍ਰਧਾਨ

ਮੁੱਖ ਸੰਪਾਦਕ
ਵਿਕਾਸ ਆਨੰਦ

ਉਪ ਮੁੱਖ ਸੰਪਾਦਕ
ਏ. ਕੇ. ਮਿਸ਼ਰਾ

ਪ੍ਰਕਾਸ਼ਕ ਸੰਪਾਦਕ
ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ
ਰਵਿੰਦਰ ਨੰਦਾ

ਸਹਾਇਕ ਸੰਪਾਦਕ
ਰੀਮਾ ਕਾਮਰਾ

ਸਹਿਯੋਗ
ਸੁਮਨ ਕੁਮਾਰ

ਮੁੱਲ
ਇਕ ਕਾਪੀ : ₹ 20/- ਰੁ:
ਸਾਲਾਨਾ : ₹ 100/- ਰੁ:
ਪੰਜ ਸਾਲਾਂ ਲਈ : ₹ 400/- ਰੁ:



# ਸੰਪਾਦਕੀ

ਬੱਚੇ ਸਿਰਫ਼ ਦੇਸ਼ ਦੀ ਜਾਇਦਾਦ ਹੀ ਨਹੀਂ, ਬਲਕਿ ਭਾਵੀ ਨਿਰਮਾਤਾ ਵੀ ਹੁੰਦੇ ਹਨ। ਇਸ ਲਈ ਸਾਡਾ ਸਭ ਦਾ ਪਹਿਲਾ ਫ਼ਰਜ਼ ਬੱਚਿਆਂ ਦੇ ਵਿਕਾਸ ਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ। ਸਾਨੂੰ ਬੱਚਿਆਂ ਦੇ ਵਜੂਦ ਦੇ ਵਿਕਾਸ ਤੇ ਜ਼ੋਰ ਦੇਣਾ ਚਾਹੀਦਾ ਕਿਉਂਕਿ ਸਿੱਖਿਅਤ ਬੱਚੇ ਹੀ ਸਮਾਜ ਪ੍ਰਤੀ ਜਾਗਰੂਕ ਹੋ ਕੇ ਆਤਮ-ਸਨਮਾਨ ਦੇ ਨਾਲ ਦੇਸ਼ ਨੂੰ ਤਰੱਕੀ ਦੀ ਉਚਾਈਆਂ ਤੇ ਲੈ ਜਾ ਸਕਦੇ ਹਨ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬੱਚਿਆਂ ਦੇ ਪਿਆਰੇ ਚਾਚਾ ਨਹਿਰੂ ਨੇ ਦੇਸ਼ ਦੇ ਬੱਚਿਆਂ ਦੀ ਤਰੱਕੀ ਵਿੱਚ ਹੀ ਭਾਰਤ ਦਾ ਵਿਕਾਸ ਵੇਖਿਆ ਸੀ। ਬੱਚਿਆਂ ਦੇ ਲਈ ਮੁਢਲੀ ਸਿੱਖਿਆ ਜ਼ਰੂਰੀ ਹੋਣ ਦੇ ਬਾਵਜੂਦ ਦੇਸ਼ ਵਿੱਚ ਕਾਫ਼ੀ ਗਿਣਤੀ ਵਿੱਚ ਬੱਚੇ ਅੱਜ ਵੀ ਸਿੱਖਿਆ ਤੋਂ ਵਾਂਝੇ ਹਨ ਇਸ ਲਈ ਸਾਡਾ ਸਭ ਨਾਗਰਿਕਾਂ ਦਾ ਫ਼ਰਜ਼ ਹੈ ਕਿ ਉਨ੍ਹਾਂ ਬੱਚਿਆਂ ਨੂੰ ਸਿੱਖਿਆ ਦਾ ਮੌਲਿਕ ਅਧਿਕਾਰ ਦਿਵਾਉਣ ਵਿੱਚ ਆਪਣਾ ਪੂਰਾ ਯੋਗਦਾਨ ਦੇਣ। ਅੱਜ ਦੇ ਹੋੜ-ਪ੍ਰਧਾਨ ਯੁਗ ਵਿੱਚ ਜਿੱਥੇ ਨਿੱਤ ਨਵੇਂ ਬਦਲਾਵ ਹੋ ਰਹੇ ਹਨ, ਬੱਚੇ ਕੇਵਲ ਸਿੱਖਿਆ ਦੇ ਮਾਧਿਅਮ ਨਾਲ ਹੀ ਸਹੀ ਤਾਲਮੇਲ ਸਥਾਪਤ ਕਰ ਸਕਦੇ ਹਨ।

ਸਾਡਾ ਦੇਸ਼ ਰਿਸ਼ੀਆਂ, ਸੰਤਾਂ ਅਤੇ ਗਿਆਨੀਆਂ ਦੀ ਦੇਵ ਭੂਮੀ ਰਹੀ ਹੈ। ਸਾਡੇ ਜੀਵਨ ਵਿੱਚ ਆਉਣ ਵਾਲੇ ਇਹ ਤੀਜ-ਤਿਉਹਾਰ ਰਲੇ-ਮਿਲੇ ਸੱਭਿਆਚਾਰ ਦੇ ਪ੍ਰਤੀਕ ਹਨ। ਇਨ੍ਹਾਂ ਤਿਉਹਾਰਾਂ ਤੋਂ ਸਾਨੂੰ ਕੁਝ ਨਾ ਕੁਝ ਪ੍ਰੇਰਨਾ ਮਿਲਦੀ ਰਹਿੰਦੀ ਹੈ। ਨਵੰਬਰ ਜਾਂ ਦਸੰਬਰ ਮਹੀਨੇ ਵਿੱਚ ਗੁਨਗੁਨੀ ਧੁੱਪ ਦਾ ਆਨੰਦ ਅਤੇ ਨਵੇਂ ਵਰ੍ਹੇ ਦੇ ਆਉਣ ਦੀ ਖ਼ੁਸ਼ੀ ਨਾਲ ਮਨ ਹਰਸ਼ ਨਾਲ ਭਰ ਜਾਂਦਾ ਹੈ।

ਜਾਂਦੇ ਵਰ੍ਹੇ ਨੂੰ ਅਲਵਿਦਾ ਅਤੇ ਨਵੇਂ ਵਰ੍ਹੇ ਦਾ ਆਸ, ਉਮੰਗ ਅਤੇ ਸੰਕਲਪ ਨਾਲ ਸੁਆਗਤ ਕਰੀਏ।

**ਮੁੱਖ ਸੰਪਾਦਕ**

## ਇਸ ਅੰਕ ਵਿੱਚ


| | | |
|---|---|---|
| ਦਿਲ ਦੇ ਬੂਹੇ ਸਾਹਿਤ ਦੀ ਦਸਤਕ (ਲੇਖ) | 3 | ਗੁਰਬਚਨ ਸਿੰਘ ਭੁੱਲਰ |
| ਦੋ ਕਵਿਤਾਵਾਂ ਤੇ ਇਕ ਗ਼ਜ਼ਲ **ਮੈਂ ਤੇ ਜਦੋਂ ਉਹ ਉਦਾਸ ਹੁੰਦਾ** | 5 | ਸੈਂਭੀ ਹਰਭਜਨ ਸਿੰਘ 'ਰਤਨ' |
| **ਖ਼ੁਸ਼ੀ ਦੀ ਆਮਦ ਦਾ ਪਵਿੱਤਰ ਤਿਉਹਾਰ ਹੈ ਦੀਵਾਲੀ** (ਲੇਖ) | 6 | ਬਲਵਿੰਦਰ 'ਬਾਲਮ' |
| **ਜੁਦਾਈ** *(ਕਵਿਤਾ)* | 8 | ਬਲਬੀਰ ਸਿੰਘ 'ਧੀਰ' |
| **ਪੰਜਾਬੀ ਪੱਤਰਕਾਰੀ ਦਾ ਸ਼ਾਹਸਵਾਰ ਜਗਜੀਤ ਸਿੰਘ ਆਨੰਦ** *(ਲੇਖ)* | 9 | ਅਸ਼ੋਕ ਵਾਸਿਸ਼ਠ |
| **ਇਕ ਸ਼ਾਮ** *(ਪਾਕਿਸਤਾਨੀ ਪੰਜਾਬੀ ਕਹਾਣੀ)* | 11 | ਅਨੁ. ਮਮਤਾ ਵਰਮਾ |
| **ਦੋ ਗ਼ਜ਼ਲਾਂ** | 14 | ਡਾ. ਹਰਨੇਕ ਸਿੰਘ 'ਕਲੇਰ' |
| **ਬਾਲ ਸਾਹਿਤ ਦੇ ਵਿਕਾਸ ਦਾ ਸੂਚਕ ਹਨ ਸਕੂਲੀ ਬਾਲ ਰਸਾਲੇ** *(ਲੇਖ)* | 15 | ਡਾ. ਦਰਸ਼ਨ ਸਿੰਘ 'ਆਸ਼ਟ' |
| **ਤਿੰਨ ਕਵਿਤਾਵਾਂ** | 16 | ਭਾਈ ਵੀਰ ਸਿੰਘ |
| **ਸਰਸਵਤੀ** *(ਪ੍ਰੇਰਕ ਕਥਾ)* | 17 | ਮੁਖ਼ਤਾਰ ਗਿੱਲ |
| **ਤਿੰਨ ਬਾਲ ਕਵਿਤਾਵਾਂ - ਦੀਵਾਲੀ, ਚਿੜੀਆ ਰਾਣੀ ਤੇ ਸੌਂ ਜਾ ਪੁੱਤਰ** | 18 | ਡਾ. ਦੇਵਿੰਦਰ ਬੀਬੀਪੁਰੀਆ |
| **ਸਾਹਿਤਕ ਸਮਾਚਾਰ** | 19 | ------- |
| **ਪਰੀਸ਼ਦ ਗਤੀਵਿਧੀਆਂ** | 20 | ------- |



ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)



ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ,
ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001
ਫ਼ੋਨ : 41501354-70/3209 ਵੈੱਬਸਾਈਟ : www.ndmc.gov.in

ਲੇਖ

# ਦਿਲ ਦੇ ਬੂਹੇ ਸਾਹਿਤ ਦੀ ਦਸਤਕ

**ਗੁਰਬਚਨ ਸਿੰਘ ਭੁੱਲਰ**

ਜਦੋਂ ਕੋਈ ਮੁਲਾਕਾਤੀ ਕਿਸੇ ਲੇਖਕ ਨਾਲ ਗੱਲਬਾਤ ਕਰਦਾ ਹੈ, ਉਹ ਅਕਸਰ ਹੀ ਪੁੱਛਦਾ ਹੈ, ਤੁਸੀਂ ਸਾਹਿਤ ਨਾਲ ਕਦੋਂ ਜੁੜੇ, ਕਿਵੇਂ ਜੁੜੇ। ਲੇਖਕ ਆਪ ਵੀ ਆਪਣੇ ਸਾਹਿਤਕ ਪੰਧ ਉੱਤੇ ਝਾਤ ਪਾਉਂਦਾ ਹੈ ਤਾਂ ਉਸ ਸੋਮੇ ਨੂੰ ਪਛਾਨਣਾ ਚਾਹੁੰਦਾ ਹੈ ਜਿਸ ਵਿੱਚੋਂ ਫੁੱਟਿਆ ਪਾਣੀ ਹੋਰ ਸੋਮਿਆਂ ਦੇ ਪਾਣੀ ਨਾਲ ਰਲ-ਰਲ ਕੇ ਉਹਦੇ ਅਜੋਕੇ ਸਾਹਿਤਕ ਵਹਿਣ ਦਾ ਮੁੱਢ ਬਣਿਆ। ਮੈਂ ਵੀ ਅਜਿਹੀ ਪਰਤਵੀਂ ਝਾਤ ਮਾਰਦਾ ਹਾਂ ਤਾਂ ਬਹੁਤ ਕੁਝ ਚੇਤੇ ਦੀ ਪੱਟੀ ਉੱਤੇ ਸਾਕਾਰ ਹੋ ਜਾਂਦਾ ਹੈ। ਮੈਂ ਸੋਚਣ ਲੱਗਦਾ ਹਾਂ, ਸਾਹਿਤ ਨਾਲ ਜੁੜਨ, ਸ਼ਬਦ 'ਸਾਹਿਤ' ਦਾ ਭਾਵ ਸਮਝਣ, ਸਾਹਿਤ ਦਾ ਪਾਠਕ ਬਣਨ ਅਤੇ ਆਖ਼ਰ ਰਚਨਾ-ਕਾਰਜ ਨੂੰ ਸਮਰਪਿਤ ਹੋਣ ਦੀ ਸਮਝ ਦੇ ਉਦੈ ਦੇ ਸਮੇਂ ਅਤੇ ਸਬੱਬ ਕਿਹੜੇ-ਕਿਹੜੇ ਸਨ ?

ਸਾਹਿਤ ਨਾਲ ਵਾਹ-ਵਾਸਤੇ ਦੀ ਗੱਲ ਤਾਂ ਅੱਗੇ ਚੱਲ ਕੇ ਆਉਂਦੀ ਹੈ, ਪਹਿਲਾਂ ਸਾਲ ਦੋ ਸਾਲ ਦੀ ਉਮਰ ਵਿੱਚ ਬਾਲ ਦਾ ਨਾਤਾ ਭਾਸ਼ਾ ਨਾਲ, ਭਾਵ ਸਾਹਿਤ ਦੇ ਮਾਧਿਅਮ ਨਾਲ ਜੁੜਨ ਲੱਗਦਾ ਹੈ। ਉਹ ਮਾ ਮਾ ਮਾ ਬਾ ਬਾ ਬਾ ਤਾ ਤਾ ਤਾ ਵਰਗੀਆਂ ਧੁਨੀਆਂ ਤੋਂ ਸ਼ਬਦਾਂ ਵਿੱਚੋਂ ਦੀ ਹੁੰਦਾ ਹੋਇਆ ਵਾਕਾਂ ਤੱਕ ਪੁੱਜ ਕੇ ਭਾਸ਼ਾ ਦੇ ਮਹਾਂ-ਮਾਰਗ ਉੱਤੇ ਤੁਰ ਪੈਂਦਾ ਹੈ। ਭਾਸ਼ਾ ਹੀ ਬੱਚੇ ਦੀ ਬੁੱਧੀ ਦਾ ਤੇ ਭਵਿੱਖੀ ਪ੍ਰਤਿਭਾ ਦਾ ਅਗੇਤਾ ਸੰਕੇਤ ਬਣਦੀ ਹੈ। ਜੇ ਉਹ ਠੀਕ ਨਾ ਬੋਲਣ ਲੱਗੇ, ਮਾਪਿਆਂ ਅਤੇ ਡਾਕਟਰਾਂ ਨੂੰ ਉਹਦੇ ਘੱਟ-ਵੱਧ ਸਿੱਧਰਾ ਹੋਣ ਦਾ ਡਰ ਖਾਣ ਲੱਗਦਾ ਹੈ।

ਧਾਰਨਾ ਹੈ ਕਿ ਬਾਲ ਦਾ ਭਾਸ਼ਾ ਨਾਲ ਪਹਿਲਾ ਵਾਹ ਮਾਂ ਦੀਆਂ ਲੋਰੀਆਂ ਅਤੇ ਪਿਆਰ ਨਾਲ ਬੋਲੀਆਂ ਗਈਆਂ ਤੋਤਲੀਆਂ-ਮੋਤਲੀਆਂ ਗੱਲਾਂ ਦੇ ਰੂਪ ਵਿੱਚ ਪੈਂਦਾ ਹੈ। ਪਰ ਹੁਣ ਤਾਂ ਸੱਜਰੀ ਖੋਜ ਇਹ ਦੱਸਦੀ ਹੈ ਕਿ ਬੱਚਾ ਇਸ ਤੋਂ ਬਹੁਤ ਪਹਿਲਾਂ, ਮਾਂ ਦੇ ਪੇਟ ਵਿਚਲੇ ਆਖ਼ਰੀ ਤਿੰਨ ਮਹੀਨਿਆਂ ਵਿੱਚ ਹੀ ਬਾਹਰਲੀ ਦੁਨੀਆ ਦੇ ਬੋਲ ਸੁਣਨ ਅਤੇ ਉਹਨਾਂ ਦੇ ਭਾਸ਼ਾਈ ਪ੍ਰਭਾਵ ਕਬੂਲਣ ਲੱਗ ਪੈਂਦਾ ਹੈ। ਜਰਮਨ ਖੋਜਕਾਰਾਂ ਦਾ ਕਹਿਣਾ ਹੈ ਕਿ ਇਸੇ ਕਰਕੇ ਜਨਮ ਤੋਂ ਮਗਰੋਂ ਬਾਲ ਦਾ ਰੋਣਾ ਉਹਦੀ ਮਾਤਭਾਸ਼ਾ ਦੇ ਧੁਨੀ-ਪ੍ਰਬੰਧ ਦੇ ਅਨੁਸਾਰ ਹੁੰਦਾ ਹੈ। ਉਹਨਾਂ ਨੇ ਇਹ ਸਿੱਟਾ ਤਿੰਨ ਤੋਂ ਪੰਜ



ਦਿਨਾਂ ਦੀ ਉਮਰ ਦੇ ਸੱਠ ਅਜਿਹੇ ਬੱਚਿਆਂ ਦਾ ਰੋਣਾ ਰਿਕਾਰਡ ਕਰ ਕੇ ਅਤੇ ਉਹਦੀ ਧੁਨੀਮੁਖੀ ਨਿਰਖ-ਪਰਖ ਕਰ ਕੇ ਕੱਢਿਆ ਹੈ ਜਿਨ੍ਹਾਂ ਵਿੱਚੋਂ ਤੀਹ ਫ਼ਰਾਂਸੀਸੀ-ਭਾਸ਼ੀ ਪਰਿਵਾਰਾਂ ਦੇ ਸਨ ਅਤੇ ਤੀਹ ਜਰਮਨ-ਭਾਸ਼ੀ ਪਰਿਵਾਰਾਂ ਦੇ। ਘੋਖ ਨੇ ਦਰਸਾਇਆ ਕਿ ਫ਼ਰਾਂਸੀਸੀ ਬਾਲਾਂ ਦੇ ਰੋਣ ਦੀ ਸੁਰ ਉਹਨਾਂ ਦੀ ਭਾਸ਼ਾ ਦੇ ਉਚਾਰ ਦੀ ਲਚਕ ਦੇ ਬਿਲਕੁਲ ਅਨੁਸਾਰ ਨੀਵੀਂ ਤੋਂ ਉੱਚੀ ਹੁੰਦੀ ਜਾਂਦੀ ਸੀ ਅਤੇ ਇਹਦੇ ਉਲਟ ਜਰਮਨ ਬਾਲਾਂ ਦੇ ਰੋਣ ਦੀ ਸੁਰ ਉਹਨਾਂ ਦੀ ਭਾਸ਼ਾ ਦੇ ਉਚਾਰ ਦੀ ਲਚਕ ਦੇ ਐਨ ਅਨੁਸਾਰ ਉੱਚੀ ਤੋਂ ਨੀਵੀਂ ਵੱਲ ਢਲਦੀ ਜਾਂਦੀ ਸੀ।

ਭਾਸ਼ਾ ਦੇ ਮਹਾਂਮਾਰਗ ਉੱਤੇ ਤੁਰ ਰਹੀ ਅਣਗਿਣਤ ਖ਼ਲਕਤ ਵਿੱਚੋਂ ਕੁਝ ਪਾਂਧੀ ਅਜਿਹੇ ਭਾਗਾਂ ਵਾਲੇ ਹੁੰਦੇ ਹਨ, ਸਾਹਿਤ ਅਛੋਪਲੇ ਜਿਹੇ ਆ ਕੇ ਜਿਨ੍ਹਾਂ ਦਾ ਹੱਥ ਫੜ ਲੈਂਦਾ ਹੈ ਅਤੇ ਸਾਥੀ-ਸੰਗੀ ਬਣਾ ਕੇ ਆਪਣੇ ਨਾਲ-ਨਾਲ ਤੋਰਨ ਲੱਗਦਾ ਹੈ। ਇਹ ਸਾਥ ਕਦੋਂ ਮਿਲਦਾ ਹੈ, ਇਹਦਾ ਕੋਈ ਪੱਕਾ ਨੇਮ ਨਹੀਂ। ਮੇਰੇ ਮਿੱਤਰ ਦਰਸ਼ਨ ਸਿੰਘ ਨੇ ਸੱਠਾਂ ਤੋਂ ਟੱਪ ਕੇ ਪਹਿਲਾ ਨਾਵਲ ਲਿਖਿਆ ਅਤੇ ਉਹ ਹਰ ਰਚਨਾ ਵਿੱਚ ਦੁਹਰਾਉ-ਰਹਿਤ ਨਵਾਂ-ਨਕੋਰ ਵਿਸ਼ਾ ਲੈ ਕੇ ਬੜੀ ਹੀ ਖ਼ੂਬਸੂਰਤ ਭਾਸ਼ਾ ਵਿੱਚ ਇਕ ਤੋਂ ਮਗਰੋਂ ਇਕ ਨਾਵਲ ਲਿਖਦਿਆਂ ਕੁਝ

ਹੀ ਸਾਲਾਂ ਅੰਦਰ ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਨ ਨਾਂ ਬਣ ਗਏ ਹਨ। ਇਹਦੇ ਉਲਟ ਸੰਤ ਸਿੰਘ ਸੇਖੋਂ ਆਖਿਆ ਕਰਦੇ ਸਨ ਕਿ ਸਾਹਿਤ ਦੇ ਪੱਖੋਂ ਉਹ ਪੰਜਵੀਂ ਜਮਾਤ ਵਿੱਚ ਹੀ ਬਹੁਤ ਸਿਆਣੇ ਹੋ ਗਏ ਸਨ। ਇਕ ਵਾਰ ਪੰਜਾਬੀ ਯੂਨੀਵਰਸਿਟੀ ਦੀ ਇਕ ਵਿਸ਼ਵ ਕਾਨਫ਼ਰੰਸ ਦੇ ਮੰਚ ਤੋਂ ਮੈਂ ਆਪਣੀ ਗੱਲ ਕਹਿ ਕੇ ਉੱਤਰ ਰਿਹਾ ਸੀ ਤਾਂ ਸਾਹਮਣੇ ਪਹਿਲੀ ਕਤਾਰ ਵਿੱਚ ਬੈਠੇ ਸੇਖੋਂ ਜੀ ਆਪਣੇ ਟਿੱਪਣੀਬਾਜ਼ ਸੁਭਾਅ ਅਨੁਸਾਰ ਮੁਸਕਰਾ ਕੇ ਬੋਲੇ, "ਭੁੱਲਰ, ਤੂੰ ਤਾਂ ਖ਼ਾਸਾ ਸਿਆਣਾ ਹੈਂ ਬਈ!" ਮੈਂ ਹੱਸ ਕੇ ਕਿਹਾ, "ਮੈਂ ਵੀ ਤੁਹਾਡੇ ਵਾਂਗ ਪੰਜਵੀਂ ਵਿੱਚ ਹੀ ਸਿਆਣਾ ਹੋ ਗਿਆ ਸੀ।" ਮੇਰੀ ਮਖ਼ੌਲ ਵਿੱਚ ਕਹੀ ਗੱਲ ਸੁਣ ਕੇ ਹੋਰ ਲੋਕ ਵੀ ਹੱਸ ਪਏ।

ਹਾਸੇ ਵਿੱਚ ਆਖੀ ਇਹ ਗੱਲ ਇਕ ਪਾਸੇ, ਮੈਂ ਸਾਹਿਤਕ ਪੱਖੋਂ ਪੰਜਵੀਂ ਵਿੱਚ ਸਿਆਣਾ ਨਹੀਂ ਸੀ ਹੋਇਆ। ਸੱਚ ਦੱਸਾਂ, ਜਿਹੜੇ ਲੋਕ ਪ੍ਰਾਇਮਰੀ ਜਾਂ ਮਿਡਲ ਜਮਾਤਾਂ ਵਿੱਚ ਨਾਮੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਕੰਮ ਮੁਕਾ ਲਿਆ ਹੋਣ ਬਾਰੇ ਦੱਸਦੇ ਹਨ, ਉਹਨਾਂ ਉੱਤੇ ਹੋਣਾ ਤਾਂ ਰਸ਼ਕ ਚਾਹੀਦਾ ਹੈ ਪਰ ਹੁੰਦੀ ਹੈਰਾਨੀ ਹੈ। ਲਿਪੀ ਦੀ ਜਾਣਕਾਰੀ ਸਕੂਲ ਪੈਂਦਿਆਂ ਹੀ ਹੋਣ ਲੱਗਦੀ ਹੈ ਪਰ ਕਿਸੇ ਲਿਪੀ ਦੀ ਜਾਣਕਾਰੀ ਪ੍ਰਾਪਤ ਕਰ ਕੇ ਉਸ ਵਿੱਚ ਲਿਖਿਆ ਸਾਹਿਤ ਵੀ ਸਮਝ ਆ ਜਾਵੇ, ਇਹ ਜ਼ਰੂਰੀ ਨਹੀਂ। ਸਾਹਿਤ ਨੂੰ ਸਮਝਣ ਵਾਸਤੇ ਉਸ ਦੇ ਮਿਆਰ ਅਨੁਸਾਰ ਬੁੱਧੀ ਦੀ ਲੋੜ ਹੁੰਦੀ ਹੈ ਜੋ ਉਮਰ ਵਧਣ ਦੇ ਅਤੇ ਜੀਵਨ ਦਾ ਅਨੁਭਵ ਹੋਣ ਦੇ ਨਾਲ-ਨਾਲ ਹੀ ਆਉਂਦੀ ਹੈ। ਇਸ ਲਈ ਲਿਪੀ ਆ ਜਾਣ ਸਦਕਾ ਬਾਲ ਕੋਈ ਰਚਨਾ ਪੜ੍ਹ ਤਾਂ ਸਕਦਾ ਹੈ ਪਰ ਜ਼ਰੂਰੀ ਨਹੀਂ ਕਿ ਉਹ ਉਸ ਨੂੰ ਸਮਝ ਵੀ ਸਕੇ ਅਤੇ ਮਾਣ ਵੀ ਸਕੇ।

ਸਾਹਿਤ ਨਾਲ ਜੁੜਨ ਦੇ ਵੱਖ-ਵੱਖ ਸਮਿਆਂ ਵਾਂਗ ਸਾਧਨ ਅਤੇ ਸਬੱਬ ਵੀ ਵੱਖ-ਵੱਖ ਹੁੰਦੇ ਹਨ। ਬਹੁਤੇ ਲੇਖਕ ਆਪਣੇ ਆਪ ਨੂੰ ਪੂਰੀ ਤਰ੍ਹਾਂ ਆਪਣੀ ਭਾਸ਼ਾ ਦੀ ਸਦੀਆਂ ਲੰਮੀ ਸਾਹਿਤਕ ਪ੍ਰਾਪਤੀ ਦੀ ਉਪਜ ਮੰਨਦੇ ਹਨ। ਉਹ ਆਖਦੇ ਹਨ ਕਿ ਜੇ ਉਹਨਾਂ ਨੂੰ ਆਪਣੇ ਤੋਂ ਪਹਿਲੇ ਸਾਹਿਤ ਦੀ ਬੁਨਿਆਦ ਨਾ ਮਿਲਦੀ, ਉਹ ਆਪਣੀ ਸਾਹਿਤਕ ਰਚਨਾ ਦੀ ਉਸਾਰੀ ਕਿਵੇਂ ਕਰ ਸਕਦੇ! ਪਰ ਕੁਝ ਲੇਖਕ ਅਜਿਹੇ ਵੀ ਹੁੰਦੇ ਹਨ ਜੋ ਆਪਣੇ ਆਪ ਨੂੰ ਇਸ ਪ੍ਰਭਾਵ ਤੋਂ ਨਿਰਲੇਪ ਦੱਸਦੇ ਹਨ। ਉਹ ਆਖਦੇ ਹਨ, ਅਸੀਂ ਜੋ ਕੁਝ ਹਾਂ, ਆਪ ਹੀ ਬਣੇ ਹਾਂ, ਭਾਵ ਜੇ ਉਹਨਾਂ ਤੋਂ ਪਹਿਲਾਂ ਹੋਰ ਅਣਗਿਣਤ ਲੇਖਕਾਂ ਨੇ ਪੂਰਨੇ ਨਾ ਪਾਏ ਹੁੰਦੇ, ਉਹ ਤਦ ਵੀ ਅੱਜ ਵਾਲੇ ਲੇਖਕ ਹੀ ਹੁੰਦੇ। ਇਕ ਪੁਰਾਣੀ ਦਿਲਚਸਪ ਕਹਾਵਤ ਹੈ ਕਿ ਕਿਸੇ ਆਦਮੀ ਨੇ ਦੂਜੇ ਨੂੰ ਬੁਝਾਰਤ ਪਾਈ, ਚੁਰਚੁਰ ਕਰਦੀ, ਮੁਰਮੁਰ ਕਰਦੀ, ਪੂਛ ਹਿਲਾ ਕੇ ਪਿੱਪਲ ਚੜ੍ਹਦੀ! ਦੂਜੇ ਨੇ ਬੁੱਝੀ, ਮ੍ਹੈਂਸ। ਪਹਿਲੇ ਨੇ ਉਹਦੀ ਅਕਲ ਦਾ ਸਿੱਕਾ ਮੰਨ ਕੇ ਵਿਅੰਗ ਨਾਲ ਪੁੱਛਿਆ, "ਭਾਈ ਸਾਹਿਬ, ਤੁਹਾਡਾ ਉਸਤਾਦ ਕੌਣ ਹੈ?" ਉਹ ਮਾਣ ਨਾਲ ਬੋਲਿਆ, "ਸਾਡਾ ਕੋਈ ਉਸਤਾਦ-ਅਸਤੂਦ ਨਹੀਂ ਜੀ, ਸਾਨੂੰ ਤਾਂ ਆਪਣੇ ਅੰਦਰੋਂ ਹੀ ਸੁਝਦੀਆਂ ਨੇ!" ਅਜਿਹੇ ਲੇਖਕਾਂ ਦਾ ਬੌਧਿਕ-ਸਾਹਿਤਕ ਮਿਆਰ ਵੀ ਇਸ ਬੁਝਾਰਤ ਬੁੱਝਣ ਵਾਲੇ ਜਿਹਾ ਹੀ ਹੁੰਦਾ ਹੈ।

ਮੈਨੂੰ ਇਹ ਮੰਨਣ ਵਿੱਚ ਬਿਲਕੁਲ ਕੋਈ ਝਿਜਕ ਨਹੀਂ ਕਿ ਮੈਂ ਪਹਿਲਾਂ ਤੋਂ ਹੀ ਅਜਿਹੇ ਬੁਝਾਰਤ-ਬੁੱਝ ਲੋਕਾਂ ਵਰਗਾ 'ਪ੍ਰਤਿਭਾਸ਼ਾਲੀ' ਨਹੀਂ ਰਿਹਾ। ਮੈਂ ਬਾਬਾ ਫ਼ਰੀਦ ਤੋਂ ਸ਼ੁਰੂ ਕਰ ਕੇ ਮੋਹਨ ਸਿੰਘ, ਅੰਮ੍ਰਿਤਾ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਹਰਿਭਜਨ ਸਿੰਘ ਆਦਿ ਅਜੋਕੇ ਕਵੀਆਂ ਨੂੰ ਅਤੇ ਨਾਨਕ ਸਿੰਘ, ਸੁਜਾਨ ਸਿੰਘ, ਦੁੱਗਲ, ਸੇਖੋਂ, ਸਤਿਆਰਥੀ, ਧੀਰ, ਵਿਰਕ ਆਦਿ ਗਲਪਕਾਰਾਂ ਨੂੰ ਅਣਹੋਏ ਜਾਣ-ਮੰਨ ਕੇ ਉਹਨਾਂ ਦੇ ਬਿਨਾਂ ਲੇਖਕ ਨਹੀਂ ਬਣਿਆ। ਜੇ ਉਹ ਨਾ ਹੁੰਦੇ, ਮੈਂ ਵੀ ਨਾ ਹੁੰਦਾ! ਮੈਂ ਤਾਂ ਸਾਹਿਤਕ ਮਟਕੇ ਵਿੱਚ ਬੂੰਦ-ਬੂੰਦ ਜੋੜੀ ਹੈ। ਮਟਕਾ ਛੋਟਾ ਹੈ ਕਿ ਵੱਡਾ, ਕਿੰਨਾ ਕੁ ਭਰਿਆ ਹੈ ਜਾਂ ਕਿੰਨਾ ਕੁ ਊਣਾ, ਇਹ ਨਿਰਣਾ ਕਰਨਾ ਮੇਰਾ ਅਧਿਕਾਰ ਨਹੀਂ, ਸਿਰਫ਼ ਅਤੇ ਸਿਰਫ਼ ਮੇਰੇ ਸਾਥੀ ਲੇਖਕਾਂ ਤੇ ਰਸੀਏ ਪਾਠਕਾਂ ਦਾ ਕੰਮ ਹੈ।

ਮੇਰਾ ਤਾਂ ਸੁਭਾਗ ਇਹ ਰਿਹਾ ਕਿ ਛੋਟੇ ਹੁੰਦਿਆਂ ਜਿਨ੍ਹਾਂ ਲੇਖਕਾਂ ਦੇ ਦਰਸ਼ਨਾਂ ਦੀ ਲੋਚਾ ਰਹਿੰਦੀ ਸੀ ਜਾਂ ਉਸ ਸਮੇਂ ਕਦੀ ਅੱਗੇ ਚੱਲ ਕੇ ਜਿਨ੍ਹਾਂ ਦੇ ਪਿੱਛੇ-ਪਿੱਛੇ ਤੁਰਨ ਦਾ ਸੁਫ਼ਨਾ ਲਿਆ ਸੀ, ਅੱਗੇ ਚੱਲ ਕੇ ਉਹਨਾਂ ਵਿੱਚੋਂ ਅਨੇਕਾਂ ਨਾਲ ਨੇੜਲਾ ਸੰਬੰਧ ਬਣਿਆ ਅਤੇ ਉਹਨਾਂ ਨੇ ਉਂਗਲ ਫੜਾ ਕੇ ਆਪਣੇ ਨਾਲ ਤੋਰਨ ਦੀ ਕ੍ਰਿਪਾ ਕੀਤੀ। ਸ਼ਬਦ ਦੇ ਉਹਨਾਂ ਉੱਚ-ਦੁਮਾਲੜੇ ਮਹਾਂਰਥੀਆਂ ਤੋਂ ਮਿਲੇ ਮੋਹ-ਪਿਆਰ ਦਾ ਮੈਂ ਸਦੀਵੀ ਰਿਣੀ ਹਾਂ। ਹਾਣੀਆਂ ਦੇ ਆਪਸੀ ਆਦਰ ਦਾ ਵੀ ਕੋਈ ਅੰਤ ਨਹੀਂ ਰਿਹਾ ਅਤੇ ਆਪਣੇ ਨਾਲੋਂ ਮਗਰਲਿਆਂ ਤੋਂ ਮਿਲਦੇ ਸਤਿਕਾਰ ਦੀ ਵੀ ਕੋਈ ਸੀਮਾ ਨਹੀਂ ਰਹੀ।

*ਐਨ. ਡੀ. 50, ਪੀਤਮਪੁਰਾ, ਦਿੱਲੀ-110034*

# ਦੋ ਕਵਿਤਾਵਾਂ

ਸੈਂਭੀ ਹਰਭਜਨ ਸਿੰਘ 'ਰਤਨ'

## (i) ਮੈਂ

- ਬੜੀ ਦੇਰ ਤੋਂ ਮੈਂ
  ਕੰਧ ਢਾਹੁਣੀ ਚਾਹੁੰਦਾ ਸਾਂ
  ਜੋ, ਉਹਦੇ ਤੇ ਮੇਰੇ ਵਿਚਕਾਰ ਸੀ,
  ਉਹ ਹਮੇਸ਼ਾਂ
  ਟੱਪ ਕੇ ਲੰਘ ਜਾਂਦੀ !

  ਜਦ ਮੈਂ, ਕੋਲ ਹੋ ਕੇ ਪੁੱਛਿਆ
  ਕਹਿ ਰਹੀ ਸੀ,
  ਕੰਧ ਢਹਿ ਗਈ,
  ਪਰ ਉਹ,
  ਕੰਧ ਪਾਰ ਨਾ ਕਰ ਸਕੀ,
  ਹੁਣ,
  ਮਲਬੇ ਦੇ ਢੇਰ ਨੂੰ,
  ਪਾਰ ਕਰਨਾ
  'ਬੜਾ ਔਖਾ' ।

## (ii) ਜਦੋਂ ਉਹ ਉਦਾਸ ਹੁੰਦਾ

- ਜਦੋਂ,
  ਉਹ ਬਹੁਤ ਉਦਾਸ ਹੁੰਦਾ
  ਮੇਰੀ ਬੁੱਕਲ 'ਚ ਸਮਾ ਕਹਿੰਦਾ,
  ਤੇਰੇ ਬਿਨਾਂ,
  ਮੇਰਾ ਕੌਣ ?
- ਮੈਂ,
  ਗਦ-ਗਦ ਹੋ ਜਾਂਦੀ
  ਅਪਣਾ ਆਪਾ ਉਸ ਨੂੰ ਸੌਂਪ
  ਮਧੁਰ ਚਾਨਣੀ ਦਾ ਘੁੱਟ ਭਰਦੀ
  ਅਰਸ਼ੀ ਲੋਰ ਲੈਂਦੀ !
- ਜਦੋਂ,
  ਉਹ ਬਹੁਤ ਖ਼ੁਸ਼ ਹੁੰਦਾ
  ਤਾਂ, ਦੂਰ ਬੈਠਾ ਕਹਿੰਦਾ,
  ਮੇਰਾ, ਉਹ ਸਾਥੀ ?
  ਮੇਰਾ, ਉਹ ਅਪਣਾ ?
  ਮੇਰਾ, ਉਹ ਰਿਸ਼ਤੇਦਾਰ ?
  ਮੇਰਾ, ਨਾਂ ਕਿਤੇ ਨਾ ਹੁੰਦਾ !
- ਫਿਰ
  ਸੋਚਦੀ, ਉਦਾਸੀ ਚੰਗੀ
  ਖ਼ੁਸ਼ੀ ਨਾਲੋਂ,
  ਉਹ ਮੇਰੀ ਬੁੱਕਲ ਵਿੱਚ
  ਤਾਂ ਹੁੰਦਾ ।

## ਗ਼ਜ਼ਲ

ਬੜਾ ਉਦਾਸ ਹਾਂ ਮੈਂ ਤੇਰੇ ਪਰਵਾਸ ਤੋਂ ਬਾਅਦ ।
ਨਾ ਕੋਈ ਚੰਗਾ ਲੱਗੇ ਤੇਰੇ ਵਿਸ਼ਵਾਸ ਤੋਂ ਬਾਅਦ ।

ਕਿਧਰੇ ਨਾ ਨਿੱਘ ਪਿਆਰ ਦਾ, ਨਾ ਕਿਧਰੇ ਸਾਂਝ ਬਣੀ,
ਦੱਸ ਕਿੱਦਾਂ ਰਹੂ ਅਬਾਦ ਆਲ੍ਹਣਾ ਆਸ ਤੋਂ ਬਾਅਦ ।

ਤੇਰੇ ਕੋਲ ਨਾ ਪੁੱਜ ਸਕਾਂ ਘਰ ਵੀ ਖਾਣ ਨੂੰ ਆਵੇ,
ਬੜਾ ਮੁਸ਼ਕਿਲ ਜੀਣਾ ਤੇਰੇ ਅਹਿਸਾਸ ਤੋਂ ਬਾਅਦ ।

ਰਹਾਂ ਏਥੇ ਪਰ ਗੁਆਚੀ ਹੈ ਸੋਚ ਕਿਧਰੇ ਮੇਰੀ,
ਭੋਗ ਰਿਹਾਂ ਸੰਤਾਪ ਮੈਂ ਬਨਵਾਸ ਤੋਂ ਬਾਅਦ ।

ਜੀਣ ਲਈ ਆਸ ਹੈ ਵਿਸ਼ਵਾਸ ਰੰਗਲੀ ਪੈੜ ਤੇਰੀ,
ਹੈ ਜੀ ਰਾਜ਼ੀ 'ਰਤਨ' ਦੀ ਧਰਵਾਸ ਤੋਂ ਬਾਅਦ ।

—o—

*177-ਈ, ਗਲੀ ਨੰ. 16, ਜੀ ਬਲਾਕ,*
*ਨੇੜੇ ਸੰਤੋਸ਼ੀ ਮਾਤਾ ਮੰਦਰ,*
*ਜੇਲ੍ਹ ਰੋਡ, ਨਵੀਂ ਦਿੱਲੀ-110058*

ਲੇਖ

# ਖ਼ੁਸ਼ੀ ਦੀ ਆਮਦ ਦਾ ਪਵਿੱਤਰ ਤਿਉਹਾਰ ਹੈ ਦੀਵਾਲੀ

**ਬਲਵਿੰਦਰ 'ਬਾਲਮ'**



ਸੰਸਾਰ ਵਿੱਚ ਅਨੇਕਾਂ ਹੀ ਤਿਉਹਾਰ ਮਨਾਏ ਜਾਂਦੇ ਹਨ। ਇਹ ਦਿਨ-ਤਿਉਹਾਰ ਨਾ ਹੋਵਣ ਤਾਂ ਮਨੁੱਖ ਦੀ ਜ਼ਿੰਦਗੀ ਨੀਰਸ-ਉਦਾਸ ਭਰੀ ਹੋ ਜਾਏ। ਇਨ੍ਹਾਂ ਤਿਉਹਾਰਾਂ ਨਾਲ ਮਨੁੱਖ ਆਪਣੀਆਂ ਖ਼ੁਸ਼ੀਆਂ, ਪ੍ਰਾਪਤੀਆਂ ਸਾਂਝੀਆਂ ਕਰਦਾ ਹੋਇਆ ਆਪਣੀ ਮੰਜ਼ਿਲ ਵੱਲ ਵਧਦਾ ਹੈ। ਦੁਨੀਆ ਦੇ ਹਰ ਜਾਤ-ਮਜ਼ਹਬ, ਕੌਮ ਅਤੇ ਧਰਮ ਵਿੱਚ ਵੱਖ-ਵੱਖ ਤਿਉਹਾਰ ਰੀਝਾਂ-ਸੱਧਰਾਂ, ਚਾਵਾਂ ਨਾਲ ਮਨਾਏ ਜਾਂਦੇ ਹਨ। ਤਿਉਹਾਰ ਮਨਾਉਣ ਪਿੱਛੇ ਧਾਰਮਿਕ, ਰਾਜਨੀਤਿਕ, ਇਤਿਹਾਸਕ, ਸਮਾਜਿਕ, ਆਰਥਿਕ, ਖ਼ੂਬਸੂਰਤ ਆਦਾਨ-ਪ੍ਰਦਾਨ, ਮੌਸਮਾਂ, ਰੁੱਤਾਂ ਅਤੇ ਪਿਛਕੋੜ ਵਿਚਲੇ ਸੱਭਿਆਚਾਰ ਦਾ ਗਹਿਰਾ ਸੰਬੰਧ ਹੁੰਦਾ ਹੈ।

ਭਾਰਤ ਦੇ ਪ੍ਰਮੁੱਖ ਤਿਉਹਾਰਾਂ 'ਚੋਂ ਆਉਂਦਾ ਹੈ ਖ਼ੁਸ਼ੀ ਦੀ ਆਮਦ ਦਾ ਪਵਿੱਤਰ ਤਿਉਹਾਰ ਦੀਵਾਲੀ। ਇਹ ਤਿਉਹਾਰ ਕੱਤਕ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ। ਦੀਵਾਲੀ ਦੇ ਦਿਨਾਂ ਨੂੰ ਮੌਸਮ ਦਾ ਵੱਡਾ ਪਰਿਵਰਤਨ ਹੁੰਦਾ ਹੈ। ਫ਼ਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਹਰਿਆਵਲ ਆਪਣੀ ਸੁੰਦਰਤਾ ਨੂੰ ਧਰਤੀ ਉੱਪਰ ਬਿਖੇਰਦੀ ਹੈ। ਨਿੱਕੀ-ਨਿੱਕੀ ਠੰਡ ਦੀ ਆਮਦ ਇਕ ਸੁਖਦਾਇਕ ਮਾਹੌਲ ਪੈਦਾ ਕਰਦੀ ਹੈ। ਸਰਦੀ ਦੀ ਰੁੱਤ ਆਪਣਾ ਬਿਗੁਲ ਵਜਾ ਦਿੰਦੀ ਹੈ। ਕੀਟ-ਪਤੰਗੇ ਅਤੇ ਤੱਤੇ ਮੌਸਮ ਦੀ ਸਮਾਪਤੀ ਹੋ ਜਾਂਦੀ ਹੈ। ਫਬੀਲੇ ਮੌਸਮ ਦਾ ਮੰਗਲਾਚਰਣ ਆਨੰਦਮਈ ਕਿਰਿਆਵਾਂ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ।

ਇਤਿਹਾਸਕ ਅਤੇ ਧਰਮ ਮਰਿਆਦਾ ਪੱਖੋਂ ਅਨੇਕਾਂ ਕਾਰਨਾਂ ਕਰਕੇ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤਰੱਕੀ, ਸ਼ਹਿਰਾਂ ਦਾ ਵਸਾਉਣਾ, ਸੰਗਤਾਂ ਦਾ ਜੁੜਨਾ, ਮੀਰੀ-ਪੀਰੀ ਦਾ ਸਿਧਾਂਤ ਅਪਨਾਉਣਾ ਅਤੇ ਸਭ ਧਰਮਾਂ ਵਿੱਚ ਸਨਮਾਨ ਵਧਦਾ ਵੇਖ ਕੇ ਜਹਾਂਗੀਰ ਅੰਦਰੋ-ਅੰਦਰੀ ਡਰ ਗਿਆ। ਮੁਰਤਜ਼ਾ ਖ਼ਾਨ ਉਦੋਂ ਲਾਹੌਰ ਦਾ ਗਵਰਨਰ ਸੀ। ਉਸ ਨੇ ਜਹਾਂਗੀਰ ਅੱਗੇ ਮਨਘੜਤ ਅਤੇ ਝੂਠੀਆਂ ਗੱਲਾਂ ਦੱਸ ਕੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਕਰਵਾ ਦਿੱਤੇ। ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ। ਜਦ ਗੁਰੂ ਜੀ ਕਿਲ੍ਹੇ ਵਿੱਚ ਪਹੁੰਚੇ ਤਾਂ ਉੱਥੇ 52 ਰਾਜੇ ਵੀ ਕੈਦ ਸਨ। ਗੁਰੂ ਜੀ ਕਿਲ੍ਹੇ ਵਿੱਚ ਹੀ ਦੀਵਾਨ ਸਜਾਉਣ ਲੱਗੇ। ਸਾਈਂ ਮੀਆਂ ਮੀਰ ਨੇ ਵੀ ਜਹਾਂਗੀਰ ਦੇ ਗ਼ਲਤ ਫ਼ੈਸਲੇ ਦੀ ਨਿੰਦਾ ਕੀਤੀ। ਗੁਰੂ ਸਾਹਿਬ ਜਦ ਇਹ ਕਿਲ੍ਹਾ ਛੱਡਣ ਲੱਗੇ ਤਾਂ ਉਨ੍ਹਾਂ ਨੇ 52 ਰਾਜਿਆਂ ਨੂੰ ਵੀ ਨਾਲ ਹੀ ਰਿਹਾਅ ਕਰਵਾਇਆ। ਇਸੇ ਕਰਕੇ ਹੀ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ 'ਬੰਦੀਛੋੜ ਪਾਤਸ਼ਾਹ' ਆਖਿਆ ਜਾਂਦਾ ਹੈ। ਜਦੋਂ ਗੁਰੂ ਸਾਹਿਬ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਉੱਤੇ ਪਹੁੰਚੇ ਤਾਂ ਸੰਗਤਾਂ ਨੇ ਉਨ੍ਹਾਂ ਦੇ ਮੰਗਲਮਈ ਅਭਿਨੰਦਨ ਵਿੱਚ ਦੀਵੇ ਬਾਲ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਦਾ ਤਿਉਹਾਰ ਬੜੀ ਸ਼ਰਧਾ ਪੂਰਵਕ ਅਤੇ ਧੂਮਧਾਮ ਨਾਲ ਮਨਾਇਆ। ਦੀਪਮਾਲਾ ਕੀਤੀ ਗਈ, ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਨ ਵੰਡੇ ਗਏ, ਆਤਿਸ਼ਬਾਜ਼ੀ ਅਸਮਾਨ ਵਿੱਚ ਰੰਗ ਬਿਖੇਰਨ ਲੱਗੀ,

ਰੋਸ਼ਨੀ ਦੀ ਜਗਮਗ-ਜਗਮਗ ਆਮਦ ਕਰਕੇ ਹਰ ਸ਼ੈਅ ਦੀਵਾਲੀ ਵਿੱਚ ਰੰਗੀ ਗਈ, ਜੋ ਜਿੱਤ ਅਤੇ ਖ਼ੁਸ਼ੀ ਦਾ ਤਿਉਹਾਰ ਬਣਿਆ ਅਤੇ ਦੀਵਾਲੀ ਦੀ ਇਹ ਇਤਿਹਾਸਕ ਪਰੰਪਰਾ ਉਦੋਂ ਤੋਂ ਲੈ ਕੇ ਹੁਣ ਤੱਕ ਚਲਦੀ ਆ ਰਹੀ ਹੈ ਅਤੇ ਰਹਿੰਦੀ ਦੁਨੀਆ ਤੱਕ ਚਲਦੀ ਰਵੇਗੀ। ਇਤਿਹਾਸ ਵਿੱਚ ਇਹ ਦਿਨ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਹਿਣਾ ਹੈ। ਇਸੇ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਦੀਵਾਲੀ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਦੇਸ਼-ਵਿਦੇਸ਼ ਤੋਂ ਸ਼ਰਧਾਲੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਂਦੇ ਹਨ। ਸਭ ਧਰਮਾਂ ਦੇ ਲੋਕ ਮਿਲ ਕੇ ਇਹ ਤਿਉਹਾਰ ਮਨਾਉਂਦੇ ਹਨ। ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵੇ-ਮੋਮਬੱਤੀਆਂ, ਦੀਵਿਆਂ ਵਾਂਗ ਜਗਦੇ ਲੋਕਾਂ ਦਾ ਭਾਰੀ ਇਕੱਠ, ਸੋਨ-ਸੁਨਹਿਰੀ ਸ੍ਰੀ ਹਰਿਮੰਦਰ ਸਾਹਿਬ ਤੇ ਕੀਤੀ ਦੀਪਮਾਲਾ ਇਕ ਅਧਿਆਤਮਿਕ, ਦਿਲਕਸ਼, ਰੂਹਾਨੀ, ਅਲੌਕਿਕ ਅਤੇ ਸਕੂਨ ਭਰਿਆ ਮਾਹੌਲ ਪੈਦਾ ਕਰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਰੂਹਾਨੀ ਕੀਰਤਨ ਸੰਗਤਾਂ ਨੂੰ ਕਿਸੇ ਜੰਨਤ ਨਾਲ ਜੋੜ ਦਿੰਦਾ ਹੈ। ਸ਼ਾਂਤੀ, ਸਕੂਨ ਵਿੱਚ ਸਾਰਾ ਮਾਹੌਲ ਅਧਿਆਤਮਿਕ ਅਤੇ ਗੁਰੂਆਂ ਦੀ ਬਾਣੀ ਨਾਲ ਓਤ-ਪੋਤ ਹੋ ਜਾਂਦਾ ਹੈ। ਤਾਰਿਆਂ ਦੇ ਸਮੂਹ ਵਾਂਗ ਸੰਗਤਾਂ ਦਾ ਇਕੱਠ ਇਤਿਹਾਸ ਨੂੰ ਉਜਾਗਰ ਕਰ ਦਿੰਦਾ ਹੈ।

ਇਸੇ ਦਿਨ ਹੀ ਜਦੋਂ ਸ੍ਰੀ ਰਾਮ ਚੰਦਰ ਜੀ ਲੰਕਾ ਤੋਂ ਵਾਪਿਸ ਆਏ ਤਾਂ ਇਸੇ ਮੱਸਿਆ ਨੂੰ ਉਨ੍ਹਾਂ ਦਾ ਰਾਜਤਿਲਕ ਕੀਤਾ ਗਿਆ ਸੀ।

ਇਸੇ ਦਿਨ ਹੀ ਭਗਵਾਨ ਨੇ ਰਾਜਾ ਬਲੀ ਨੂੰ ਪਾਤਾਲ ਲੋਕ ਦਾ ਇੰਦਰ ਬਣਾਇਆ ਸੀ। ਤਦ ਇੰਦਰ ਨੇ ਬੜੀ ਪ੍ਰਸੰਨਤਾ-ਪੂਰਵਕ ਦੀਵਾਲੀ ਮਨਾਈ ਕਿ ਮੇਰਾ ਸਵਰਗ ਦਾ ਸਿੰਘਾਸਨ ਬਚ ਗਿਆ।

ਇਸੇ ਦਿਨ ਹੀ ਸਮੁੰਦਰ ਮੰਥਨ ਦੇ ਸਮੇਂ ਕਸ਼ੀਰ ਸਾਗਰ 'ਚੋਂ ਲਕਸ਼ਮੀ ਪ੍ਰਗਟ ਹੋਈ ਸੀ ਅਤੇ ਭਗਵਾਨ ਨੂੰ ਆਪਣਾ ਪਤੀ ਸਵੀਕਾਰ ਕੀਤਾ।

ਇਸੇ ਦਿਨ ਹੀ ਰਾਜਾ ਵਿਕਰਮਦਿੱਤਿਆ ਨੇ ਆਪਣੇ ਸੰਵਤ ਦੀ ਰਚਨਾ ਕੀਤੀ ਸੀ। ਉੱਚ-ਕੋਟੀ ਦੇ ਵਿਦਵਾਨਾਂ ਨੂੰ ਬੁਲਾ ਕੇ ਮਹੂਰਤ ਕੱਢਿਆ ਸੀ ਕਿ ਨਵਾਂ ਸੰਵਤ ਚੇਤਰ ਸੁਦੀ ਚਲਾਇਆ ਜਾਏ।

ਇਸੇ ਦਿਨ ਹੀ ਆਰੀਆ ਸਮਾਜ ਦੇ ਸੰਸਥਾਪਕ ਮਹਾਂਰਿਸ਼ੀ ਦਇਆਨੰਦ ਦਾ ਨਿਰਵਾਣ ਹੋਇਆ ਸੀ।

ਇਸੇ ਦਿਨ ਭਗਵਤੀ ਮਹਾਂਲਕਸ਼ਮੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਇਸੇ ਦਿਨ ਲਕਸ਼ਮੀ ਪੂਜਨ, ਗਣੇਸ਼ ਪੂਜਨ, ਵਿਸ਼ਣੂ ਭਗਵਾਨ, ਇੰਦਰਦੇਵ, ਸਰਸਵਤੀ ਆਦਿ ਦੇਵੀ-ਦੇਵਤਿਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਮੰਦਰਾਂ ਵਿੱਚ, ਧਾਰਮਿਕ ਸਥਾਨਾਂ ਵਿੱਚ ਦੀਪਮਾਲਾ ਅਤੇ ਪੂਜਨ ਹੁੰਦੇ ਹਨ। ਇਸ ਦਿਨ ਪੂਜਾ ਦਾ ਬਹੁਤ ਮਹੱਤਵ ਮੰਨਿਆ ਜਾਂਦਾ ਹੈ। ਦੋ ਥਾਲਾਂ ਵਿੱਚ ਦੀਪਕ ਰੱਖੇ ਜਾਂਦੇ ਹਨ, ਛੇ ਚਹੁੰਮੁਖੀ ਦੀਵੇ ਥਾਲਾਂ ਵਿੱਚ ਸਜਾਏ ਜਾਂਦੇ ਹਨ। ਲਗਭਗ ਛੱਬੀ ਛੋਟੇ ਦੀਵੇ ਤੇਲ-ਬੱਤੀ ਜਲਾ ਕੇ ਰੱਖੇ ਜਾਂਦੇ ਹਨ, ਫਿਰ ਜਲ, ਰੌਲੀ, ਖੀਲ, ਪਤਾਸ਼ੇ, ਚੌਲ, ਫਲ਼, ਫੁੱਲ, ਗੁੜ, ਅਬੀਰ, ਗੁਲਾਲ, ਧੂਫ ਆਦਿ ਨਾਲ ਉਨ੍ਹਾਂ ਦੀ ਪੂਜਾ ਕੀਤੀ ਜਾਣੀ ਸ਼ੁਭ ਮੰਨੀ ਜਾਂਦੀ ਹੈ। ਫਿਰ ਟਿੱਕਾ ਲਗਾ ਕੇ ਵਿਉਪਾਰ ਜਾਂ ਘਰ ਵਿੱਚ ਗਣੇਸ਼ ਅਤੇ ਲਕਸ਼ਮੀ ਦੀ ਪ੍ਰਤਿਮਾ ਰੱਖ ਕੇ ਪੂਜਾ ਕੀਤੀ ਜਾਂਦੀ ਹੈ। ਸਾਰਾ ਪਰਿਵਾਰ ਪੂਜਾ ਵਿੱਚ ਸ਼ਾਮਿਲ ਹੁੰਦਾ ਹੈ। ਇਹ ਪੂਜਾ ਮੰਦਰਾਂ ਵਿੱਚ ਵੀ ਹੁੰਦੀ ਹੈ। ਇਸ ਪੂਜਾ-ਵਿਧੀ ਨਾਲ ਸਭ ਤਰ੍ਹਾਂ ਦਾ ਦਲਿੱਦਰ ਦੂਰ ਹੁੰਦਾ ਹੈ। ਸ਼ਾਂਤੀ ਅਤੇ ਸ਼ਕਤੀ ਉਤਪੰਨ ਹੁੰਦੀ ਹੈ। ਇਕ ਨਵ-ਪਰਿਵਰਤਨ ਨਾਲ ਜ਼ਿੰਦਗੀ ਸੁਖਮਈ ਹੁੰਦੀ ਹੈ। ਇਸ ਦਿਨ ਧਾਰਮਿਕ ਸਥਾਨਾਂ ਦੀ ਦੀਪਮਾਲਾ, ਧਾਰਮਿਕ ਸਥਾਨਾਂ ਦੇ ਅੰਦਰ ਦੇਸੀ ਘਿਉ ਦੇ ਬਲਦੇ ਲਟ-ਲਟ ਦੀਵੇ, ਸਾਜ਼-ਸੱਜਾ, ਤਰ੍ਹਾਂ-ਤਰ੍ਹਾਂ ਦੀ ਖ਼ੁਸ਼ਬੂ, ਸ਼ਰਧਾਲੂਆਂ ਦੀ ਅਥਾਹ ਭੀੜ, ਕੀਰਤਨ ਅਤੇ ਬਾਣੀਆਂ ਦਾ ਜਾਪ, ਨਗਰ ਕੀਰਤਨ ਅਤੇ ਧਾਰਮਿਕ ਹਿੰਦੂ ਰਹੁ-ਰੀਤੀ ਮੁਤਾਬਿਕ ਭਗਵਨ ਮੂਰਤੀਆਂ ਦੀ ਸਾਜ਼-ਸੱਜਾ ਵਿੱਚ ਝਾਕੀਆਂ ਦੇ ਸੁੰਦਰ ਦ੍ਰਿਸ਼, ਕਥਾਵਾਚਕਾਂ ਦੇ ਇਲਾਹੀ ਪ੍ਰਵਚਨ, ਬਾਜ਼ਾਰ ਵਿੱਚ ਸਜੀਆਂ ਮਿਠਾਈਆਂ ਦੀਆਂ ਦੁਕਾਨਾਂ, ਸਾਰਾ ਮਾਹੌਲ ਆਪਣੇ-ਆਪ ਵਿੱਚ ਦੀਵਾਲੀਮਈ ਹੋ ਜਾਂਦਾ ਹੈ। ਬਾਜ਼ਾਰਾਂ ਵਿੱਚ ਗੁਰੂਆਂ, ਪੀਰਾਂ-ਪੈਗ਼ੰਬਰਾਂ, ਭਗਵਾਨਾਂ, ਰਿਸ਼ੀਆਂ-ਮੁਨੀਆਂ ਦੀਆਂ ਤਸਵੀਰਾਂ, ਸਟੈਚੂ ਆਦਿ ਧੜਾਧੜ ਵਿਕਦੇ ਹਨ।

ਸ਼ਾਮ ਨੂੰ ਘਰ-ਘਰ ਵਿੱਚ ਪਟਾਕਿਆਂ, ਫੁਲਝੜੀਆਂ ਆਤਿਸ਼ਬਾਜ਼ੀਆਂ ਦੀ ਗੂੰਜ ਦੀਵਾਲੀ ਦੇ ਇਤਿਹਾਸ ਨੂੰ ਚਾਰ ਚੰਨ ਲਗਾ ਦਿੰਦੀ ਹੈ। ਘਰਾਂ ਵਿੱਚੋਂ ਦੂਰ-ਦੂਰ ਗਏ ਵੀਰ-ਭੈਣ, ਜਵਾਈ-ਭਾਈ ਸਭ ਇਸ ਦਿਨ ਖ਼ੁਸ਼ੀ-ਖ਼ੁਸ਼ੀ ਇਕੱਠੇ ਹੁੰਦੇ ਹਨ। ਧੀਆਂ-ਨੂੰਹਾਂ ਸਜ-ਧਜ ਕੇ ਦੀਵਾਲੀ ਦਾ ਸ਼ਿੰਗਾਰ ਬਣਦੀਆਂ ਹਨ। ਧੀਆਂ-ਨੂੰਹਾਂ ਹੀ ਇਸ ਪਵਿੱਤਰ ਤਿਉਹਾਰ ਦੀ ਆਮਦ ਦਾ ਵਿਮੋਚਨ ਕਰਦੀਆਂ ਹਨ। ਜਿਸ ਨਾਲ ਦੀਵਾਲੀ ਦਾ ਪਵਿੱਤਰ ਤਿਉਹਾਰ ਸਾਰਥਿਕ ਅਤੇ ਆਨੰਦ-ਮਈ ਹੋ ਨਿੱਬੜਦਾ ਹੈ।

*ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)*

**ਕਵਿਤਾ**

# ਜੁਦਾਈ

**ਬਲਬੀਰ ਸਿੰਘ ਧੀਰ**

*(ਸਕੂਲੀ ਵਿੱਦਿਆ ਪੂਰੀ ਕਰਨ ਉਪਰੰਤ)*

ਭਰਿਆ ਚਮਨ ਅੱਜ ਛੱਡ ਕੇ ਜਾਣ ਲੱਗਿਆਂ, ਕਿੰਨਾ ਲੱਗਾ ਹੈ ਸੱਲ, ਮੈਂ ਕੀ ਦੱਸਾਂ ?
ਭਾਵੇਂ ਕਿੰਨਾ ਸਮਝਾਇਆ, ਦਿਲ ਤੱਤੜੇ ਨੂੰ, ਨਹੀਂ ਮੰਨਦਾ ਗੱਲ, ਮੈਂ ਕੀ ਦੱਸਾਂ ?
ਕਿਸੇ ਬਿਰਖ ਦੀ ਸੰਘਣੀ ਛਾਂ ਹੇਠਾਂ, ਘੜੀ ਪਲ ਬਿਤਾਇਆ ਵੀ ਭੁੱਲਦਾ ਨਹੀਂ ।
ਮਾਣੀ ਪਿਆਰ ਦੀ ਸੰਘਣੀ ਛਾਂ ਸਾਹਵੇਂ, ਇਸ ਸਵਰਗ ਬਰਾਬਰ ਕੋਈ ਤੁਲਦਾ ਨਹੀਂ ।
ਐਪਰ ਇਹ ਬੂਟਾ ਨਿਰਾ ਸਵਰਗ ਦਾ ਝੂਟਾ, ਭਾਗਾਂ ਵਾਲਾ ਹੀ ਇਸ ਨੂੰ ਮਾਣ ਸਕੇ ।
ਜਿਸ ਉੱਤੇ ਸੁਰਸੱਤੀ ਦੀ ਮਿਹਰ ਹੋਵੇ, ਉਹੋ ਇਸ ਦੀ ਕੀਮਤ ਪਛਾਣ ਸਕੇ ।

ਸਦਾ ਆਪਣਾ ਆਪ ਹੀ ਵਾਰ ਕੇ ਇਹ, ਜੋਤ ਗਿਆਨ ਦੀ ਨਵੀਂ ਜਗਾਂਵਦਾ ਹੈ ।
ਆਪਣੇ ਜਿਗਰ ਦੀ ਚਰਬੀ ਨੂੰ ਬਾਲ ਕੇ ਇਹ, ਹਨ੍ਹੇਰੇ ਦਿਲਾਂ ਦੇ ਤਾਈਂ ਰੁਸ਼ਨਾਂਵਦਾ ਹੈ ।
ਪੈਰ ਇਸ ਦਹਿਲੀਜ਼ ਤੇ ਜਦੋਂ ਪਾਇਆ, ਚੰਗੀ ਤਰ੍ਹਾਂ ਵੀ ਬੋਲ ਨਾ ਸਕਦਾ ਸਾਂ ।
ਇਸ ਦੀ ਗੋਦ ਵਿੱਚ ਬੈਠ ਕੇ ਮਸਤ ਹੁੰਦਾ, ਕਦੀ ਅੱਕਦਾ ਨਾ, ਨਾ ਹੀ ਥੱਕਦਾ ਸਾਂ ।
ਕੋਰੇ ਕਾਗ਼ਜ਼ ਦੇ ਵਾਂਗ ਸੀ ਦਿਲ ਮੇਰਾ, ਇਸ ਨੂੰ ਅੱਜ ਗਿਆਨ ਨਾਲ ਭਰ ਲਿਆ ਹੈ ।
ਇਸ ਰੌਸ਼ਨ ਮੁਨਾਰੇ ਤੋਂ ਰੌਸ਼ਨੀ ਲੈ, ਦਿਲ ਆਪਣੇ ਨੂੰ ਰੌਸ਼ਨ ਕਰ ਲਿਆ ਹੈ ।

ਇਸ ਬੂਟੇ ਨੂੰ ਕਿਵੇਂ ਮੈਂ ਭੁੱਲ ਜਾਵਾਂ, ਮੇਰੇ ਜੀਵਨ ਨੂੰ ਜਿਸ ਸਰੂਰ ਦਿੱਤਾ ।
ਮਾਂ ਬਾਪ ਨੇ ਮੈਨੂੰ ਸੀ ਜਨਮ ਦਿੱਤਾ, ਐਪਰ ਜ਼ਿੰਦਗੀ ਦਾ ਇਸ ਨੇ ਨੂਰ ਦਿੱਤਾ ।
ਇਸ ਦੀ ਗੋਦ ਵਿੱਚ ਐਸਾ ਨਿੱਘ ਮਿੱਠਾ, ਕੋਈ ਸਵਰਗ ਵੀ ਰੀਸ ਨਹੀਂ ਕਰ ਸਕਦਾ ।
ਇਹ ਵੰਡਦਾ ਆਬੇ-ਹਯਾਤ ਐਸਾ, ਜਿਹੜਾ ਪੀ ਲੈਂਦਾ, ਉਹੋ ਤਰ ਸਕਦਾ ।

ਨਵੀਂ ਮੰਜ਼ਿਲ ਤੇ ਪੈਰ ਅੱਜ ਧਰਨ ਵਾਲੀ, ਤਾਂਘ ਦਿਲਾਂ ਅੰਦਰ ਭਾਵੇਂ ਲੱਗ ਰਹੀ ਏ ।
ਐਪਰ ਤੇਰੇ ਵਿਛੋੜੇ ਦੀ ਪੀੜ ਸਹਿ ਕੇ, ਝੜੀ ਹੰਝੂਆਂ ਦੀ ਅੱਖੋਂ ਲੱਗ ਰਹੀ ਏ ।
ਮੇਰੀ ਸੋਹਣੀ ਜ਼ਿੰਦਗੀ ਦੇ ਸੂਰਜਾ ਵੇ, ਮੈਂ ਤੇਰਾ ਉਪਕਾਰ ਨਹੀਂ ਭੁੱਲ ਸਕਦਾ ।
ਇਸ ਮਿੱਟੀ ਦਾ ਮੱਥੇ ਤੇ ਤਿਲਕ ਲਾ ਕੇ, 'ਧੀਰ' ਤੇਰਾ ਸਤਿਕਾਰ ਨਹੀਂ ਭੁੱਲ ਸਕਦਾ ।

*BV-198, ਮੁਹੱਲਾ ਬੱਘੀਵਾਨਾ, ਫਰੀਦਕੋਟ-151203 (ਪੰਜਾਬ)*

**ਲੇਖ**

# ਪੰਜਾਬੀ ਪੱਤਰਕਾਰੀ ਦਾ ਸ਼ਾਹਸਵਾਰ ਜਗਜੀਤ ਸਿੰਘ ਆਨੰਦ

**ਅਸ਼ੋਕ ਵਾਸਿਸ਼ਠ**

ਕਾਮਰੇਡ ਜਗਜੀਤ ਸਿੰਘ ਆਨੰਦ ਆਪਣੀ ਖ਼ਰਾਬ ਸਿਹਤ ਕਾਰਨ ਪੱਤਰਕਾਰੀ ਦੇ ਮੈਦਾਨ ਵਿੱਚ ਹੁਣ ਬਹੁਤਾ ਸਰਗਰਮ ਨਹੀਂ ਰਹੇ ਪਰ ਉਨ੍ਹਾਂ ਦਾ ਜੀਵਨ ਹਮੇਸ਼ਾਂ ਇਕ ਖੁੱਲ੍ਹੀ ਕਿਤਾਬ ਰਿਹਾ ਹੈ। ਕੋਈ ਲੱਗ-ਲਪੇਟ ਨਹੀਂ, ਜੋ ਕੀਤਾ ਜਾਂ ਜੋ ਕਿਹਾ ਉਸ ਉੱਪਰ ਪੂਰੀ ਹਯਾਤੀ ਚੱਲਣ ਦਾ ਯਤਨ ਕੀਤਾ। ਕਥਨੀ ਤੇ ਕਰਨੀ ਦਾ ਇਹ ਲਾਜਵਾਬ ਸੁਮੇਲ ਬਹੁਤ ਘੱਟ ਦੇਖਣ ਨੂੰ ਮਿਲਦੈ। ਉਹ ਆਪਣਾ ਪੂਰਾ ਜੀਵਨ ਸੰਗਰਾਮ ਕਰਦੇ ਰਹੇ, ਇਹ ਸੰਗਰਾਮ ਉਨ੍ਹਾਂ ਦੇ ਨਿੱਜ ਦਾ ਨਹੀਂ ਸੀ, ਇਸ ਪਿੱਛੇ ਕਿਸੇ ਵੱਡੇ ਅਹੁਦੇ ਤੇ ਪੁੱਜਣ ਦੀ ਹਸਰਤ ਵੀ ਨਹੀਂ ਸੀ। ਕਮਿਊਨਿਸਟ ਲਹਿਰ ਦੇ ਸਿਰਕੱਢ ਆਗੂ ਕਾਮਰੇਡ ਸੋਹਣ ਸਿੰਘ ਜੋਸ਼ ਦੀ ਸੰਗਤ ਵਿੱਚ ਰਹਿ ਕੇ ਉਨ੍ਹਾਂ ਮੌਜੂਦਾ ਪੂੰਜੀਵਾਦੀ ਸਮਾਜ ਨੂੰ ਬਦਲ ਦੇਣ ਅਤੇ ਇਸ ਦੀ ਥਾਂ ਸਮਾਜਵਾਦੀ ਸਮਾਜ ਦੀ ਸਥਾਪਤ ਕਰਨ ਦਾ ਸੁਪਨਾ ਦੇਖਿਆ ਸੀ। ਗ਼ਦਰ ਪਾਰਟੀ ਦੇ ਮਹਾਨ ਸੂਰਬੀਰਾਂ ਦੀ ਸੰਗਤ ਨੇ ਉਸ ਸੁਪਨੇ ਨੂੰ ਸੰਕਲਪ ਦਾ ਰੂਪ ਦੇ ਦਿੱਤਾ।

ਇਹ ਇਕ ਅਜਿਹੇ ਸਮਾਜ ਦੀ ਸਥਾਪਨਾ ਲਈ ਜੂਝਣ ਦਾ ਸੰਕਲਪ ਸੀ ਜਿੱਥੇ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਨਾ ਹੁੰਦੀ ਹੋਵੇ ਅਤੇ ਕਿਰਤ ਦੀ ਕਦਰ ਹੁੰਦੀ ਹੋਵੇ। ਉਹ ਆਪਣੇ ਇਸੇ ਸੰਕਲਪ ਨੂੰ ਪੂਰਾ ਕਰਨ ਲਈ ਸਿਰਤੋੜ ਯਤਨ ਕਰਦੇ ਰਹੇ ਅਤੇ ਇਸ ਚੱਕਰ ਵਿੱਚ ਕਈ ਵਾਰ ਆਪਣੀ ਜਾਨ ਜੋਖ਼ਮ ਵਿੱਚ ਪਾਉਣ ਤੋਂ ਵੀ ਉਨ੍ਹਾਂ ਕਦੇ ਗੁਰੇਜ਼ ਨਹੀਂ ਕੀਤਾ। ਪਾਰਟੀ ਦੇ ਦ੍ਰਿੜ ਅਤੇ ਨਿਸ਼ਠਾਵਾਨ ਲੀਡਰ ਵੱਜੋਂ ਉਨ੍ਹਾਂ ਦਾ ਨਾਂ ਤੇਜਾ ਸਿੰਘ ਸੁਤੰਤਰ, ਹਰਕ੍ਰਿਸ਼ਨ ਸਿੰਘ ਸੁਰਜੀਤ, ਜਗਜੀਤ ਸਿੰਘ ਲਾਇਲਪੁਰੀ, ਡਾਕਟਰ ਭਾਗ ਸਿੰਘ ਅਤੇ ਅਵਤਾਰ ਸਿੰਘ ਮਲਹੋਤਰਾ ਜਿਹੀਆਂ ਮਹਾਨ ਹਸਤੀਆਂ ਵਾਂਗ ਆਦਰ ਨਾਲ ਲਿਆ ਜਾਂਦਾ ਹੈ।

ਕਾਮਰੇਡ ਆਨੰਦ ਉਨ੍ਹਾਂ ਬੁੱਧੀਜੀਵੀਆਂ ਵਿੱਚ ਸ਼ਾਮਲ ਸਨ ਜਿਹੜੇ ਪਿਛਲੀ ਸਦੀ ਦੇ ਤੀਹਵੇਂ ਅਤੇ ਚਾਲ੍ਹੀਵੇਂ ਦਹਾਕੇ ਵਿੱਚ ਕਮਿਊਨਿਸਟ ਅੰਦੋਲਨ ਵਿੱਚ ਸ਼ਾਮਲ ਹੋਏ ਸਨ। ਇਸ ਲਈ ਉਨ੍ਹਾਂ ਦਾ ਕਾਰਜ-ਖੇਤਰ ਪੱਤਰਕਾਰੀ ਦਾ ਰਿਹਾ ਹੈ। ਬਹੁਤ ਛੋਟੀ ਉਮਰ ਵਿੱਚ ਉਹ ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਆ ਗਏ ਸਨ। ਉਨ੍ਹਾ ਦੀ ਤਿੱਖੀ ਸੂਝ ਅਤੇ ਕਿਸੇ ਵੀ ਗੱਲ ਦੀ ਤਹਿ ਤੱਕ ਜਾਣ ਦੀ ਉਨ੍ਹਾਂ ਦੀ ਬੌਧਿਕ ਸਮਰੱਥਾ ਨੂੰ ਦੇਖਦਿਆਂ ਹੀ ਪਾਰਟੀ ਨੇ ਅੱਗੇ ਚੱਲ ਕੇ ਇਸ ਅਖ਼ਬਾਰ ਦੇ



ਪ੍ਰਧਾਨ ਸੰਪਾਦਕ ਦੀ ਵੱਡੀ ਜ਼ੁੰਮੇਵਾਰੀ ਉਨ੍ਹਾਂ ਦੇ ਮੋਢਿਆਂ 'ਤੇ ਪਾ ਦਿੱਤੀ ਸੀ। ਆਪਣੀ ਇਸ ਜ਼ੁੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਰਹੇ ਹਨ। ਇਸ ਵਿੱਚ ਕੋਈ ਦੂਜੀ ਰਾਏ ਨਹੀਂ ਹੋ ਸਕਦੀ।

ਪੱਤਰਕਾਰੀ ਦੇ ਖੇਤਰ ਵਿੱਚ ਕਾਮਰੇਡ ਆਨੰਦ ਨੇ ਜਿੱਥੇ ਹਿੰਦੀ ਪੱਤਰਕਾਰੀ ਦੇ ਪਿਤਾਮਾ ਮਹਾਸ਼ਾ ਕ੍ਰਿਸ਼ਨ ਦਾ ਜ਼ਮਾਨਾ ਦੇਖਿਆ ਹੈ ਉੱਥੇ ਉਨ੍ਹਾਂ ਤੋਂ ਬਾਅਦ ਦੀ ਪੀੜ੍ਹੀ ਦੇ ਲਾਲਾ ਜਗਤ ਨਾਰਾਇਣ, ਸ੍ਰੀ ਯਸ਼, ਵੀਰੇਂਦਰ, ਰਮੇਸ਼ ਚੰਦਰ, ਸਾਧੂ ਸਿੰਘ ਹਮਦਰਦ ਅਤੇ ਗਿਆਨੀ ਸ਼ਾਦੀ ਸਿੰਘ ਜਿਹੇ ਸਿਰਕੱਢ ਅਖ਼ਬਾਰ-ਨਵੀਸਾਂ ਨਾਲ ਕੰਮ ਕੀਤਾ ਹੈ, ਕਦੇ ਉਨ੍ਹਾਂ ਨਾਲ ਖਹਿ ਕੇ ਅਤੇ ਕਦੇ ਉਨ੍ਹਾਂ ਨਾਲ ਮਿਲ ਕੇ।

ਅੱਗੇ ਚੱਲ ਕੇ ਇਹ ਮਹਾਨ ਸ਼ਖ਼ਸੀਅਤ ਪੱਤਰਕਾਰੀ ਦੇ ਮੈਦਾਨ ਦੀ ਇਕ ਮੰਨੀ-ਪਰਮੰਨੀ ਖਿਲਾੜੀ ਹੀ ਨਹੀਂ ਰਹੀ ਸਗੋਂ ਇਸ ਦੀ ਸ਼ਾਹਸਵਾਰ ਰਹੀ ਹੈ। ਉਨ੍ਹਾਂ ਦਾ ਜੀਵਨ ਉਨ੍ਹਾਂ ਦੀ ਸੰਗਰਾਮੀ ਘਾਲਣਾ ਅਤੇ ਪੰਜਾਬੀ ਪੱਤਰਕਾਰੀ ਨੂੰ ਉਨ੍ਹਾਂ ਦੀ ਵੱਡਮੁੱਲੀ ਦੇਣ ਲਾਮਿਸਾਲ ਰਹੀ ਹੈ। ਪੰਜਾਬੀ ਪੱਤਰਕਾਰੀ ਦੀਆਂ ਤਿੰਨ ਪੀੜ੍ਹੀਆਂ ਉਸ ਦੀ ਚੁਸਤ ਲੇਖਣੀ, ਡੂੰਘੀ ਤੋਂ ਡੂੰਘੀ ਗੱਲ ਦੀ ਪੁਣ-ਛਾਣ ਕਰਨ ਦੀ ਉਸ ਦੀ ਤਿੱਖੀ ਦ੍ਰਿਸ਼ਟੀ ਅਤੇ ਕਿਸੇ ਵੀ ਵਿਸ਼ੇ ਤੇ ਕਿਸੇ ਵੀ ਸਮੇਂ ਚਰਚਾ ਕਰਨ ਦੀ ਅਦੁੱਤੀ ਬੌਧਿਕ ਸਮਰੱਥਾ ਅਤੇ ਵਿਦਵਤਾ ਦੀ ਕਾਇਲ ਰਹੀਆਂ ਹਨ। ਉਨ੍ਹਾਂ ਦੇ ਸੰਗਰਾਮੀ ਜੀਵਨ ਨੇ ਉਨ੍ਹਾਂ ਲਈ ਹਮੇਸ਼ਾਂ ਇਕ ਚਾਨਣ-ਮੁਨਾਰੇ ਦਾ ਕੰਮ ਕੀਤਾ ਹੈ।

ਆਧੁਨਿਕ ਪੰਜਾਬੀ ਵਾਰਤਕ ਦੇ ਉਸਰੱਈਏ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਨੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦਾ ਚਲਦਾ-ਫਿਰਦਾ ਐਨਸਾਇਕਲੋਪੀਡੀਆ ਕਿਹਾ ਸੀ। ਉਹ ਕਈ ਵੇਰ ਗੱਲਾਂ ਹੀ ਗੱਲਾਂ ਵਿੱਚ ਕਿਹਾ

ਕਰਦੇ ਸਨ, "ਆਨੰਦ ਸਾਹਮਣੇ ਬੈਠਾ ਹੋਵੇ ਤਾਂ ਅਖ਼ਬਾਰ ਪੜ੍ਹਨ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਕੀ ਸੂਬਾਈ, ਕੀ ਕੌਮੀ ਅਤੇ ਕੀ ਕੌਮਾਂਤਰੀ ਸਾਰੀਆਂ ਖ਼ਬਰਾਂ ਉਸ ਤੋਂ ਸੁਣ ਲਓ।" ਛੋਟੇ-ਵੱਡੇ ਪੱਤਰਕਾਰ ਦੇਸ਼ ਅਤੇ ਦੁਨੀਆ ਬਾਰੇ ਉਨ੍ਹਾਂ ਦੀ ਵਿਸ਼ਾਲ ਜਾਣਕਾਰੀ ਤੋਂ ਲਾਭ ਉਠਾਂਦੇ ਰਹੇ ਹਨ। ਇਸ ਲਈ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਨੇ ਭਾਵੇਂ ਮੋਹ ਵੱਸ ਆਪਣੇ ਜਵਾਈ ਦੀ ਤਾਰੀਫ਼ ਕਿਉਂ ਨਾ ਕੀਤੀ ਹੋਵੇ, ਪਰ ਇਹ ਗੱਲ ਸੋਲ੍ਹਾਂ ਆਨੇ ਸੱਚ ਹੈ।

ਇਹ ਮਹਾਨ ਲਿਖਾਰੀ ਕੇਵਲ ਕਲਮ ਦਾ ਹੀ ਸਿਪਾਹੀ ਨਹੀਂ ਰਿਹਾ। ਲੋੜ ਪੈਣ ਤੇ ਆਪਣੀ ਜਾਨ ਜੋਖ਼ਮ ਵਿੱਚ ਪਾਉਣ ਤੋਂ ਵੀ ਇਨ੍ਹਾਂ ਨੇ ਕਦੇ ਗੁਰੇਜ਼ ਨਹੀਂ ਕੀਤਾ। ਇਨ੍ਹਾਂ ਦੇ ਜੀਵਨ ਨਾਲ ਜੁੜੀਆਂ ਇਹੋ ਜਿਹੀਆਂ ਘਟਨਾਵਾਂ ਦੀ ਕਮੀ ਨਹੀਂ ਪਰ ਇੱਥੇ ਅਸੀਂ ਉਸ ਇਕ ਘਟਨਾ ਦਾ ਜ਼ਿਕਰ ਜ਼ਰੂਰ ਕਰਨਾ ਚਾਹਾਂਗੇ ਜਿਹੜੀ ਇਤਿਹਾਸਕ ਮਹੱਤਵ ਦੀ ਹੈ। ਇਹ ਘਟਨਾ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਹਕੂਮਤ ਸਮੇਂ ਦੀ ਹੈ। ਉਦੋਂ ਕਿਸਾਨਾਂ ਉੱਪਰ ਖ਼ੁਸ਼-ਹੈਸੀਅਤ ਟੈਕਸ ਦਾ ਲੱਕ ਤੋੜ ਬੋਝ ਪਾ ਦਿੱਤਾ ਗਿਆ ਸੀ। ਕਮਿਊਨਿਸਟ ਪਾਰਟੀ ਵੱਲੋਂ ਟੈਕਸ ਵਾਪਸ ਲੈਣ ਦੀ ਮੰਗ ਕੀਤੀ ਗਈ ਪਰ ਸਰਕਾਰ ਦੇ ਕੰਨੀਂ ਜੂੰ ਨਾ ਰੇਂਗੀ। ਇਸ ਤੇ ਪਾਰਟੀ ਨੇ ਉਸ ਦੇ ਖ਼ਿਲਾਫ਼ ਜਨਵਰੀ 1959 ਵਿੱਚ ਅੰਦੋਲਨ ਦਾ ਬਿਗਲ ਵਜਾਇਆ ਸੀ। ਭਾਵੇਂ ਪਾਰਟੀ ਵੱਲੋਂ ਕਾਮਰੇਡ ਆਨੰਦ ਨੂੰ ਕਿਹਾ ਗਿਆ ਸੀ ਕਿ ਉਹ ਗ੍ਰਿਫ਼ਤਾਰੀ ਦੇਣ ਲਈ ਕਿਸੇ ਜੱਥੇ ਨਾਲ ਨਹੀਂ ਜਾਣਗੇ ਸਗੋਂ ਜਲੰਧਰ ਰਹਿ ਕੇ ਰੋਜ਼ਾਨਾ 'ਨਵਾਂ ਜ਼ਮਾਨਾ' ਦਾ ਕੰਮ ਦੇਖਣਗੇ। ਆਨੰਦ ਚਾਹੁੰਦੇ ਸਨ ਕਿ ਉਹ ਵੀ ਆਪਣੇ ਸਾਥੀਆਂ ਵਾਂਗ ਸਿੱਧੇ ਤੌਰ ਤੇ ਅੰਦੋਲਨ ਵਿੱਚ ਭਾਗ ਲੈਣ ਪਰ ਪਾਰਟੀ ਦਾ ਫ਼ੈਸਲਾ ਸਿਰ-ਮੱਥੇ ਮੰਨ ਕੇ ਉਹ ਪਾਰਟੀ ਦੇ ਵਫ਼ਾਦਾਰ ਸਿਪਾਹੀ ਵਜੋਂ ਆਪਣੇ ਕੰਮ ਵਿੱਚ ਜੁਟ ਗਏ ਸਨ।

ਆਨੰਦ ਕੇਵਲ ਕਲਮ ਚਲਾਉਣ ਵਾਲੇ ਪੱਤਰਕਾਰ ਨਹੀਂ ਰਹੇ। ਉਨ੍ਹਾਂ ਲੋੜ ਪੈਣ ਤੇ ਖ਼ਬਰ ਦੀ ਤਹਿ ਤੱਕ ਜਾਣ ਲਈ ਆਪਣੀ ਜਾਨ ਖ਼ਤਰੇ ਵਿੱਚ ਪਾਉਣ ਤੋਂ ਵੀ ਕਦੇ ਸੰਕੋਚ ਨਹੀਂ ਕੀਤਾ। ਜਿਸ ਗੱਲ ਦਾ ਜਿਕਰ ਇੱਥੇ ਕਰਨ ਜਾ ਰਿਹਾਂ, ਉਹ ਖ਼ੁਸ਼-ਹੈਸੀਅਤ ਟੈਕਸ ਵਿਰੁਧ ਲੱਗੇ ਉਪਰੋਕਤ ਮੋਰਚੇ ਨਾਲ ਸੰਬੰਧ ਰੱਖਦੀ ਹੈ। ਕਿਸ ਤਰ੍ਹਾਂ ਉਨ੍ਹਾਂ ਰਿਪੋਰਟਿੰਗ ਕਰਨ ਸਮੇਂ ਅੱਗਾ-ਪਿੱਛਾ ਕੁਝ ਨਹੀਂ ਦੇਖਿਆ ਸੀ। ਉਸ ਘਟਨਾ ਦਾ ਵਰਨਣ ਖ਼ੁਦ ਉਨ੍ਹਾਂ ਦੀ ਜਬਾਨੀ :

"ਖ਼ੁਸ਼-ਹੈਸੀਅਤ ਸੱਤਿਆਗ੍ਰਹਿ ਦੇ ਇਕ ਜੱਥੇ ਉੱਤੇ ਜਲੰਧਰ ਰੇਲਵੇ ਸਟੇਸ਼ਨ ਦੇ ਬਾਹਰ ਗਿਆਰ੍ਹਾਂ ਮਾਰਚ ਨੂੰ ਬੇਤਹਾਸ਼ਾ ਲਾਠੀਚਾਰਜ ਕੀਤਾ ਗਿਆ। ਇਸ ਦੀ ਖ਼ਬਰ ਜਦੋਂ 'ਨਵਾਂ ਜ਼ਮਾਨਾ' ਦੇ ਦਫ਼ਤਰ ਪਹੁੰਚੀ, ਸਾਈਕਲ ਉੱਤੇ ਲੱਤ ਧਰ ਅਤੇ ਗਲ਼ ਵਿੱਚ ਮਾਸਕੋ ਤੋਂ ਕੁਝ ਮਹੀਨੇ ਪਹਿਲਾਂ ਲਿਆਂਦਾ ਕੈਮਰਾ ਪਾ ਮੈਂ ਰੇਲਵੇ ਸਟੇਸ਼ਨ ਵੱਲ ਦੌੜ ਪਿਆ। ਲਾਠੀਚਾਰਜ ਅਜੇ ਚੱਲ ਹੀ ਰਿਹਾ ਸੀ ਤੇ ਜਿਉਂ ਹੀ ਮੈਂ ਕੈਮਰਾ ਕਲਿੱਕ ਕੀਤਾ, ਪੁਲਸ ਦੀ ਇਕ ਟੋਲੀ ਨੇ ਸਾਈਕਲ ਵੀ ਖੋਹ ਲਿਆ ਤੇ ਕੈਮਰਾ ਵੀ ਅਤੇ ਮੈਨੂੰ ਚੁੱਕ ਕੇ ਕੈਦੀਆਂ ਵਾਲੀ ਇਕ ਗੱਡੀ ਵਿੱਚ ਸੁੱਟ ਲਿਆ।

ਡੂੰਘੀਆਂ ਤਰਕਾਲਾਂ ਦਾ ਵੇਲਾ ਸੀ, ਗੱਡੀ ਕਿੱਧਰੋਂ ਕਿੱਧਰ ਜਾ ਰਹੀ ਸੀ, ਇਸ ਦਾ ਕੁਝ ਪਤਾ-ਥਹੁ ਨਾ ਲੱਗੇ। ਆਖ਼ਰ ਕੋਈ ਇਕ ਘੰਟਾ ਬੀਤ ਜਾਣ ਪਿੱਛੋਂ ਮੈਨੂੰ ਉਤਾਰ ਕੇ ਜਦੋਂ ਇਕ ਥਾਣੇ ਦੀ ਹਵਾਲਾਤ ਅੰਦਰ ਧੱਕ ਦਿੱਤਾ, ਤਦ ਹੀ ਪਤਾ ਲੱਗਾ ਕਿ ਇਹ ਥਾਣਾ ਸ਼ਾਹਕੋਟ ਹੈ। ਗੱਡੀ ਅੰਦਰ ਨਾਹਰੇ ਮਾਰਦੇ ਦਾ ਸੰਘ ਘਰਕ ਗਿਆ ਸੀ, ਪਰ ਅੱਗੋਂ ਹੁੰਗਾਰਾ ਕੋਈ ਨਹੀਂ ਸੀ ਮਿਲ ਰਿਹਾ। ਥਾਣੇ ਵਾਲਿਆਂ ਰਾਤ ਹਵਾਲਾਤ ਵਿੱਚ ਕਟਾਈ ਅਤੇ ਤਿੰਨਾਂ ਆਨਿਆਂ ਵਾਲੀ ਥਾਲੀ ਘੰਟਾ ਕੁ ਪਿੱਛੋਂ ਅੱਗੇ ਲਿਆ ਧਰੀ। ਸਿਆਲੀ ਰਾਤ ਹੋਣ ਕਰ ਕੇ ਮੱਛਰ ਤਾਂ ਕੋਈ ਨਹੀਂ ਸੀ, ਪਰ ਗੰਦਗੀ ਬਹੁਤ ਸੀ ਤੇ ਹੇਠਲਾ ਤੱਪੜ ਵੀ ਪਾਟਾ ਹੋਇਆ ਸੀ। ਤਦ ਵੀ ਇਸ ਹਵਾਲਾਤ ਵਿੱਚ ਕੱਟਿਆ ਸਮਾਂ 1947 ਵਾਲੀ ਸਿਆਲਕੋਟ ਦੇ ਕਿਲ੍ਹੇ ਦੀ ਹਵਾਲਾਤ ਨਾਲੋਂ ਕਿਤੇ ਚੰਗਾ ਰਿਹਾ।

ਅਗਲੇ ਦਿਨ ਮੁੜ ਉਸੇ ਬੰਦ ਗੱਡੀ ਵਿੱਚ ਪਾ ਕੇ ਮੈਨੂੰ ਹੱਥਕੜੀ ਮਾਰ ਜਲੰਧਰ ਨੂੰ ਲੈ ਤੁਰੇ ਤੇ ਬੂਹਾ ਉਸ ਦਾ ਓਦੋਂ ਹੀ ਖੋਲ੍ਹਿਆ ਜਦੋਂ ਪਿਛਲੇ ਪਾਸਿਓਂ ਜੇਲ੍ਹ ਦੀ ਡਿਓਢੀ ਦੇ ਦਰਵਾਜ਼ੇ ਨਾਲ ਜਾ ਲਾਇਆ।

ਮੋਰਚਾ 23 ਮਾਰਚ ਨੂੰ ਵਾਪਸ ਹੋ ਗਿਆ, ਪਰ ਜੇਲ੍ਹੋਂ ਰਿਹਾਈ 28 ਮਾਰਚ ਨੂੰ ਜਾ ਕੇ ਹੋਈ।"

ਉਨ੍ਹਾਂ ਦੇ ਸੰਗਰਾਮੀ ਜੀਵਨ ਬਿਆਨਣ ਵਾਲੀਆਂ ਇਹੋ ਜਿਹੀਆਂ ਅਨੇਕ ਘਟਨਾਵਾਂ ਹਨ।

ਇਸ ਸੰਬੰਧ ਵਿੱਚ ਡਾਕਟਰ ਪ੍ਰੇਮ ਸਿੰਘ ਦਾ ਇਹ ਕਥਨ ਬਹੁਤ ਮਹੱਤਵ ਰੱਖਦਾ ਹੈ : "ਕਾਮਰੇਡ ਆਨੰਦ ਦੀ ਸ਼ਖ਼ਸੀਅਤ ਬਹੁ-ਪੱਖੀ ਹੈ ਤੇ ਉਨ੍ਹਾਂ ਦੀ ਕੀਰਤੀ, ਆਜ਼ਾਦੀ ਦੀ ਲਹਿਰ ਤੇ ਕਮਿਊਨਿਸਟ ਲਹਿਰ ਦਾ ਗੌਰਵਮਈ ਤੇ ਰੌਸ਼ਨ ਪੱਖ। ਪਰ ਇਸ ਤੋਂ ਵੀ ਵੱਧ ਜਿਸ ਕਾਰਨ ਕਰ ਕੇ ਉਨ੍ਹਾਂ ਦੀ ਦੇਣ ਉਚੇਚਾ ਸਥਾਨ ਰੱਖਦੀ ਹੈ ਉਹ ਹੈ ਉਨ੍ਹਾਂ ਦੀ ਨਿਵੇਕਲੀ ਬੋਲੀ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਕਾਮਰੇਡ ਆਨੰਦ ਨੇ ਪੰਜਾਬੀ ਨੂੰ ਇਕ ਨਵੀਂ ਨਿਵੇਕਲੀ, ਵਧੇਰੇ ਜਾਨਦਾਰ ਤੇ ਨਾਲ ਹੀ ਵਧੇਰੇ ਸੁਖੈਨ ਤੇ ਬਾਮੁਹਾਵਰਾ ਸ਼ਕਲ ਦਿੱਤੀ ਹੈ।

ਪੱਤਰਕਾਰੀ ਦੇ ਖੇਤਰ ਵਿੱਚ ਕਾਮਰੇਡ ਆਨੰਦ ਦੇ ਜੋੜ ਦਾ ਪੱਤਰਕਾਰ ਲੱਭਣਾ ਭਾਵੇਂ ਆਸਾਨ ਨਹੀਂ ਪਰ ਉਨ੍ਹਾਂ ਦਾ ਰਾਹ

*(ਬਾਕੀ ਦੇਖੋ ਸਫ਼ਾ 13 ਉੱਤੇ)*

*ਪਾਕਿਸਤਾਨੀ ਪੰਜਾਬੀ ਕਹਾਣੀ*

# ਇਕ ਸ਼ਾਮ

ਅਨੁ : **ਮਮਤਾ ਵਰਮਾ**

ਉੱਨੀਂ-ਵੀਹ ਸਾਲਾਂ ਬਾਅਦ ਉਹ ਮਿਲੀ ਹੋਵੇਗੀ। ਲੇਖਕਾਂ ਦਾ ਇਕੱਠ ਸੀ, ਸ਼ਹਿਰ ਦੇ ਇਕ ਵੱਡੇ ਹੋਟਲ ਵਿੱਚ। ਹਾਲ ਦੇ ਦਰਵਾਜ਼ੇ ਦੇ ਕੋਲ ਉਹ ਖੜ੍ਹੀ ਸੀ। ਮੈਂ ਦੂਰੋਂ ਪਛਾਣ ਕੇ ਉਸ ਵੱਲ ਵਧਿਆ।

ਪੁੱਛਿਆ, "ਕੀ ਹਾਲ ਐ ਜੀ ?"

ਉਸ ਨੇ ਕੋਈ ਧਿਆਨ ਨਾ ਦਿੱਤਾ, ਸ਼ਾਇਦ ਪਛਾਣਿਆ ਨਹੀਂ ਸੀ।

"ਤੁਸੀਂ ਕਿਵੇਂ ਓ ?" ਆਖ ਉਹ ਖੜ੍ਹੀ ਰਹੀ।

"ਲਗਦੈ ਪਛਾਣਿਆ ਨੀਂ ਤੁਸੀਂ ?"

ਬੇਸ਼ੱਕ ਮੈਂ ਉਸ ਦਾ ਨਾਂ ਭੁੱਲ ਗਿਆ ਸੀ ਪਰ ਉਹ ਮੇਰਾ ਨਾਂ ਲੈ ਕੇ ਬੋਲੀ।

ਤੁਸੀਂ ਯੂਸਫ ਹੋ ਨਾ ?

"ਹਾਂ।" ਉਸ ਦੀ ਯਾਦਦਾਸ਼ਤ ਤੋਂ ਖ਼ੁਸ਼ ਹੁੰਦਿਆਂ ਮੈਂ ਆਖਿਆ, "ਵਿਦੇਸ਼ ਚਲਾ ਗਿਆ ਸੀ ਮੈਂ।"

"ਪਤੈ ਮੈਨੂੰ।"

ਮੈਂ ਗੱਲ ਅੱਗੇ ਤੋਰੀ। "ਤੂੰ ਐਥੇ ਹੀ ਐਂ ਪੁਰਾਣੇ ਮੁਹੱਲੇ ਵਿੱਚ ?"

"ਨਹੀਂ।" ਫੇਰ ਉਸ ਨੇ ਸ਼ਹਿਰ ਦੀ ਇਕ ਹੋਰ ਨਵੀਂ ਬਸਤੀ ਦੇ ਬਾਰੇ ਦੱਸਿਆ।

ਹਾਲ ਦੇ ਅੰਦਰ ਲੋਕ ਆ ਜਾ ਰਹੇ ਸਨ ਤੇ ਗੱਲਾਂ ਕਰਦੇ ਹੋਏ ਉਹ ਉਨ੍ਹਾਂ ਨੂੰ ਵੀ ਦੇਖ ਰਹੀ ਸੀ। ਕਿਸੇ ਦੀ ਉਡੀਕ ਵਿੱਚ ਸੀ ਸ਼ਾਇਦ ਉਹ। ਉਦੋਂ ਉਹ ਪਤਲੀ ਜਿਹੀ ਹੁੰਦੀ ਸੀ। ਪਰ ਹੁਣ ਭਰੇ ਸਰੀਰ ਵਾਲੀ ਸੀ। ਮੈਂ ਗੱਲ ਚਲਾਈ ਰੱਖਣਾ ਚਾਹੁੰਦਾ ਸੀ।

"ਸ਼ਾਦੀ ਤਾਂ ਹੋ ਗਈ ਹੋਵੇਗੀ ?"

"ਹੋਈ ਸੀ।"

ਨਿੱਕੇ-ਨਿੱਕੇ ਵਾਕਾਂ ਵਿੱਚ ਉਹ ਗੱਲ ਮੁਕਾ ਦਿੰਦੀ, ਅੱਗੇ ਗੱਲ ਦਾ ਪੱਲਾ ਨਾ ਫੜ੍ਹਨ ਦਿੰਦੀ।

ਪਰ ਮੈਂ ਢੀਠ ਹੋ ਗਿਆ। ਗੱਲ ਹੀ ਅਜਿਹੀ ਸੀ।

"ਕੀ ਮਤਲਬ ?"

"ਹੋਈ ਸੀ, ਜਦ ਦਿਲ ਕੀਤਾ ਉਸ ਨੂੰ ਭਜਾ ਦਿੱਤਾ।"

"ਬਾਲ ਬੱਚੇ ?"

"ਦੋ ਬੱਚੇ ਮੇਰੇ ਕੋਲ ਹੀ ਨੇ। ਸਕੂਲ ਖੋਲ੍ਹ ਰੱਖਿਐ ਘਰ ਦੇ ਥੱਲੇ ਈ।"

ਆਪਣੇ ਵੱਲੋਂ ਸਾਰੀ ਗੱਲ ਮੁੱਕਾ ਦਿੱਤੀ ਉਸ ਨੇ ਤੇ ਹੋਟਲ ਦੇ ਬਾਹਰ ਜਾਣ ਲਈ ਅੱਗੇ ਵਧੀ। ਮੈਂ ਵੀ ਨਾਲ ਹੀ ਸੀ।

"ਜੇ ਚਾਹੇਂ ਤਾਂ ਘਰ ਡਰਾਪ ਕਰ ਸਕਦਾਂ ?"

"ਨਹੀਂ ਚੱਲੀ ਜਾਵਾਂਗੀ...ਰਿਕਸ਼ੇ ਵਿੱਚ...ਖ਼ੁਸ਼ ਐਂ ਨਾ ਤੂੰ...ਮਿਲਦੀ ਰਹਿੰਦੀਆਂ ਸੀ ਤੇਰੀਆਂ ਖ਼ਬਰਾਂ...।"

"ਕਦੇ ਫੇਰ ਮਿਲੀਂ...।"

ਉਸ ਨੇ ਉਸ ਕਾਫ਼ੀ ਹਾਊਸ ਦੇ ਬਾਰੇ ਦੱਸਿਆ ਜਿਸ ਵਿੱਚ ਅਸੀਂ ਮਿਲਿਆ ਕਰਦੇ ਸੀ। ਕਾਲਜ ਵਿੱਚ ਸੀ ਮੈਂ ਉਦੋਂ। ਲਿਖਣ ਵਾਲਿਆਂ ਵਾਂਗ ਲਿਖਣਾ ਤੇ ਮਹਿਫ਼ਲ ਵਿੱਚ ਉਸ ਨੂੰ ਪੜ੍ਹਨ ਦਾ ਸ਼ੌਕ। ਸਗੋਂ ਲਿਖਣ ਦਾ ਘੱਟ ਤੇ ਮਹਿਫਲ ਵਿੱਚ ਪੜ੍ਹਨ ਦਾ ਜ਼ਿਆਦਾ। ਇਨ੍ਹਾਂ ਮਹਿਫ਼ਲਾਂ ਵਿੱਚ ਉਹ ਵੀ ਆਉਂਦੀ ਸ਼ਾਇਦ ਕਿਸੇ ਕਾਲਜ ਵਿੱਚ ਪੜ੍ਹਦੀ ਸੀ। ਕਈ ਦਫ਼ਾ ਉਸ ਦੇ ਨਾਲ ਮੇਲ ਹੋਇਆ। ਪਰ ਗੱਲ ਜ਼ਿਆਦਾ ਨਾ ਹੁੰਦੀ। ਕੀ ਲਿਖਦੀ ਸੀ ਤੇ ਜਾਂ ਨਹੀਂ ਲਿਖਦੀ ਸੀ ਚੇਤਾ ਨਹੀਂ ਮੈਨੂੰ। ਮੇਰੇ ਦੋਸਤ ਜਾਫਰੀ ਤੇ ਮਲਿਕ ਨੂੰ ਐਵੇਂ ਹੀ ਦੂਜਿਆਂ ਨਾਲ ਪੀਂਘਾਂ ਵਧਾਉਣ ਦਾ ਸ਼ੌਕ ਸੀ।

ਇਸ ਗੱਲ ਨੂੰ ਅਸੀਂ ਮਜ਼ਾਕ ਵਿੱਚ 'ਪ੍ਰੇਮ ਪਾਉਣਾ' ਕਹਿੰਦੇ ਸੀ। ਮਤਲਬ ਪਬਲਿਕ ਰਿਲੇਸ਼ਨ। ਪਿਆਰ ਕਰਨ ਦਾ ਮਲਿਕ ਨੂੰ ਬੜਾ ਸ਼ੌਕ ਸੀ। ਖ਼ਾਸ ਕਰਕੇ ਕੁੜੀਆਂ ਨਾਲ। ਉਮਰ ਹੀ ਅਜਿਹੀ ਸੀ।

ਇਕ ਦਿਨ ਮਹਿਫਲ ਦੇ ਬਾਅਦ ਮਲਿਕ ਨੇ ਉਸ ਕੁੜੀ ਨੂੰ ਮੇਰੇ ਨਾਲ ਮਿਲਾਇਆ ਤੇ ਕਿਹਾ, "ਸ਼ਾਮ ਦਾ ਸਮਾਂ ਐ ਯਾਰ, ਇਸ ਨੂੰ ਘਰ ਛੱਡ ਦੇਈਂ। ਤੇਰੇ ਮੁਹੱਲੇ ਵਿੱਚ ਰਹਿੰਦੇ ਨੇ।" ਇਹ ਕਹਿ ਕੇ ਉਹ ਹਮੇਸ਼ਾਂ ਵਾਂਗ ਗ਼ਾਇਬ ਹੋ ਗਿਆ। ਇੰਨੀ ਜਲਦੀ ਘਰ ਨਹੀਂ ਜਾਣਾ ਚਾਹੁੰਦਾ ਸੀ। ਫਸਾ ਗਿਆ ਮਲਿਕ। ਮੈਂ ਉਸ ਛੋਟੀ ਜਿਹੀ ਕੁੜੀ ਵੱਲ ਦੇਖਿਆ। ਥੋੜ੍ਹਾ ਜਿਹਾ ਲੰਗ ਮਾਰਦੀ ਸੀ ਉਹ। ਮਿਲਦਿਆਂ ਹੀ ਉਹ ਗੱਲਾਂ ਕਰਨ ਲੱਗੀ। ਬਹੁਤੀ ਸੋਹਣੀ ਨਹੀਂ ਸੀ ਉਹ ਪਰ ਨੈਣ-ਨਕਸ਼

ਤਿੱਖੇ ਹੋਣ ਕਾਰਨ ਚੰਗੀ ਲੱਗ ਰਹੀ ਸੀ। ਸੜਕ ਤੇ ਆਉਣ ਤੇ ਬੱਸ ਦੀ ਉਡੀਕ ਕਰਦੇ ਹੋਏ ਉਸ ਨਾਲ ਗੱਲਾਂ ਕਰਨਾ ਬੜਾ ਚੰਗਾ ਲੱਗਿਆ।

ਅਸੀਂ ਨੀਲੀ ਬਾਰ ਦੇ ਬੱਸ ਸਟੈਂਡ ਤੇ ਬੱਸ ਤੋਂ ਉੱਤਰ ਕੇ ਇਕ ਗਲੀ ਵਿੱਚ ਗਏ। ਸ਼ਾਮ ਹੋ ਚੁੱਕੀ ਸੀ। ਸਰਦੀਆਂ ਦੀ ਸ਼ੁਰੂਆਤ ਸੀ। ਮੇਰਾ ਘਰ ਤਾਂ ਸਟੈਂਡ ਦੇ ਨੇੜੇ ਸੀ, ਉਸ ਦਾ ਕੁਝ ਅੱਗੇ। ਥੋੜ੍ਹਾ ਲੰਗੜਾਉਣ ਕਾਰਨ ਉਹ ਹੌਲੀ-ਹੌਲੀ ਤੁਰਦੀ ਕਦੇ-ਕਦੇ ਮੇਰਾ ਹੱਥ ਵੀ ਫੜ੍ਹ ਲੈਂਦੀ। ਅਸਲ ਆਬਾਦੀ ਤੋਂ ਵੀ ਕੁਝ ਦੂਰੀ ਤੇ ਸੀ ਉਸ ਦਾ ਘਰ। ਗਲੀਆਂ ਕੱਚੀਆਂ ਤੇ ਕਾਫ਼ੀ ਫ਼ਾਸਲਿਆਂ ਤੇ ਘਰ। ਫਿਰ ਖੇਤ ਆ ਜਾਂਦੇ। ਸਾਰੇ ਲਾਹੌਰ ਦਾ ਆਲਾ-ਦੁਆਲਾ ਅਜੇ ਅਜਿਹਾ ਹੀ ਸੀ। ਮੇਰਾ ਖ਼ਿਆਲ ਤਾਂ ਇਹ ਸੀ ਕਿ ਮੈਂ ਉਸ ਨੂੰ ਘਰ ਛੱਡ ਕੇ ਬਾਹਰੋਂ ਹੀ ਮੁੜ ਜਾਵਾਂ। ਪਤਾ ਨਹੀਂ ਉਸ ਦੇ ਘਰ ਵਾਲੇ ਕਿਹੋ ਜਿਹੇ ਹੋਣੇ। ਪਰ ਉਹ ਮੈਨੂੰ ਏਦਾਂ ਅੰਦਰ ਲੈ ਗਈ ਜਿਵੇਂ ਮੈਨੂੰ ਵਰ੍ਹਿਆਂ ਤੋਂ ਜਾਣਦੀ ਹੋਵੇ। ਵਿਹੜੇ ਵਿੱਚ ਉਸ ਦੀ ਮਾਂ ਇਕ ਚੁੱਲ੍ਹੇ ਵਿੱਚ ਪਾਥੀਆਂ ਬਾਲਣ ਦੀ ਤਿਆਰੀ ਕਰ ਰਹੀ ਸੀ।

ਵਿਹੜਾ ਧੂੰਏਂ ਨਾਲ ਭਰਿਆ ਪਿਆ ਸੀ। ਉਸ ਦਾ ਬਿਮਾਰ ਬਾਪ ਮੰਜੀ ਤੇ ਪਿਆ ਖੰਘ ਰਿਹਾ ਸੀ। ਉਸ ਦੀ ਛੋਟੀ ਭੈਣ ਸ਼ਰਮਾਉਂਦੇ ਹੋਏ ਕਮਰੇ ਵਿੱਚ ਝਾਕ ਰਹੀ ਸੀ। ਉਸ ਨੇ ਮਾਂ ਨੂੰ ਦੱਸਿਆ ਕਿ ਇਹ ਮੈਨੂੰ ਘਰ ਛੱਡਣ ਆਏ ਨੇ। ਉਸ ਦੀ ਮਾਂ ਨੇ ਪ੍ਰਾਹੁਣਚਾਰੀ ਵਿੱਚ ਕੋਈ ਕਸਰ ਨਾ ਛੱਡੀ। ਝੱਟ ਨਾਲ ਉਸ ਦੇ ਕੋਲ ਮੰਜੀ ਡਾਹ ਦਿੱਤੀ। ਉਸ ਤੇ ਫੁੱਲਾਂ ਵਾਲੀ ਚਾਦਰ ਵਿਛਾ ਕੇ ਬੋਲੀ, "ਬੂਟ ਲਾਹ ਕੇ ਆਰਾਮ ਨਾਲ ਬੈਠ ਬੇਟਾ, ਰੋਟੀ ਪੱਕ ਰਹੀ ਐ, ਖਾ ਕੇ ਹੀ ਜਾਵੀਂ।" ਚੁੱਲ੍ਹਾ ਬਲਿਆ ਤੇ ਸਰਦੀ ਨਾਲ ਠੰਢਾ ਹੋਇਆ ਵਿਹੜਾ ਨਿੱਘ ਨਾਲ ਭਰ ਗਿਆ। ਉਸ ਦੀ ਮਾਂ ਚੁੰਨੀ ਨਾਲ ਮੂੰਹ ਪੂੰਝਦੀ ਹੋਈ ਚੁੱਲ੍ਹੇ ਤੇ ਹਾਂਡੀ ਚੜ੍ਹਾ ਕੇ ਛੇਤੀ-ਛੇਤੀ ਕੰਮ ਵਿੱਚ ਲੱਗ ਗਈ ਤੇ ਉਹ ਕੁੜੀ ਮੇਰੇ ਕੋਲ ਮੰਜੀ ਦੇ ਇਕ ਪਾਵੇ 'ਤੇ ਬਹਿ ਕੇ ਆਪਣੇ ਬਾਪ ਨੂੰ ਸਾਡੇ ਕੰਮਾਂ ਬਾਰੇ ਦੱਸਣ ਲੱਗੀ। ਮੈਂ ਉਨ੍ਹਾਂ ਦੀ ਖੁੱਲ੍ਹਦਿਲੀ ਤੇ ਅਪਣੱਤ ਤੋਂ ਹੈਰਾਨ ਸੀ ਕਿ ਮੈਂ ਉਨ੍ਹਾਂ ਦੀ ਧੀ ਨੂੰ ਘਰ ਛੱਡਣ ਆਇਆ ਹਾਂ ਤੇ ਉਹ ਮੇਰਾ ਇਸ ਤਰ੍ਹਾਂ ਸਨਮਾਨ ਕਰ ਰਹੇ ਹਨ। ਚੁੱਲ੍ਹੇ ਤੋਂ ਆਉਂਦੇ ਮੱਠੇ-ਮੱਠੇ ਸੇਕ ਨਾਲ ਭਰੇ ਵਿਹੜੇ ਵਿੱਚ ਮੰਜੀ ਤੇ ਬੈਠਾ ਮੈਂ ਉਸ ਲੜਕੀ ਤੇ ਉਸ ਦੇ ਘਰਵਾਲਿਆਂ ਨਾਲ ਪਤਾ ਨਹੀਂ ਕਿੰਨੀ ਦੇਰ ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ ਰਿਹਾ। ਚੁੱਲੇ ਦੇ ਕੋਲ ਚੌਂਕੀਆਂ ਤੇ ਬਹਿ ਕੇ ਅਸੀਂ ਸਾਰਿਆਂ ਨੇ ਖਾਣਾ ਖਾਧਾ। ਉਹ ਸਾਡੇ ਲੱਖਾਂ ਘਰਾਂ ਦੀ ਆਮ ਜਿਹੀ ਸ਼ਾਮ ਸੀ ਪਰ ਉਸ ਲੜਕੀ ਦੇ ਮੋਹ ਨੇ ਉਸ ਨੂੰ ਖ਼ਾਸ ਬਣਾ ਦਿੱਤਾ ਸੀ।

ਪਰ ਮੈਂ ਅਸਲ ਗੱਲ ਵੱਲ ਧਿਆਨ ਨਾ ਦਿੱਤਾ। ਮੇਰੇ ਨਾਲ ਅਜਿਹਾ ਹੀ ਹੁੰਦਾ ਹੈ। ਕਈ ਸਾਲ ਬਾਅਦ ਜਦੋਂ ਗੱਲ ਦੀ ਸਮਝ ਆਉਂਦੀ ਹੈ ਤਾਂ ਪਿੱਛੇ ਨੱਠਦਾ ਹਾਂ। ਮੈਂ ਤਾਂ ਇਹੋ ਸਮਝਿਆ ਕਿ ਉਸ ਨੂੰ ਘਰ ਛੱਡਣਾ ਹੈ ਬਸ। ਇਸ ਤੋਂ ਅੱਗੇ ਦੀ ਮੇਰੇ ਮਨ ਵਿੱਚ ਕੋਈ ਗੱਲ ਨਾ ਆਈ। ਇਸ ਲਈ ਉਹ ਸ਼ਾਮ ਉਸ ਘਰ ਵਿੱਚ ਮੇਰੀ ਪਹਿਲੀ ਤੇ ਆਖ਼ਰੀ ਸ਼ਾਮ ਬਣੀ। ਇਸ ਦੇ ਬਾਅਦ ਵੀ ਉਹ ਮਿਲੀ ਪਰ ਉਹ ਇੰਨੇ ਲੋਕਾਂ ਵਿੱਚ ਘਿਰੀ ਹੁੰਦੀ ਕਿ ਫਿਰ ਮੇਰਾ ਕਾਹਲੀ ਵਾਲਾ ਸੁਭਾਅ ਆਖ ਲਓ ਕਿ ਮੈਂ ਉਸ ਨੂੰ ਦੁਬਾਰਾ ਘਰ ਛੱਡਣ ਨਹੀਂ ਗਿਆ। ਮੈਂ ਉਸ ਨੂੰ ਮਿਲਦਾ ਤੇ ਆਖਦਾ, "ਤੂੰ ਕਿੱਥੇ ਐਂ ?" ਤੇ ਉਸ ਦੀਆਂ ਅੱਖਾਂ ਵਿੱਚ ਅਜਿਹੀ ਗੱਲ ਹੁੰਦੀ ਕਿ ਤੁਹਾਡੇ ਨਾਲ ਗੱਲ ਕਰਨੀ ਹੈ। ਪਰ ਮਹਿਫਲ ਦੇ ਬਾਅਦ ਆਪਣੀ ਆਪਣੀ ਟੋਲੀਆਂ ਬਣ ਜਾਂਦੀਆਂ ਤੇ ਸਾਰੇ ਇੱਧਰ-ਉੱਧਰ ਬਿਖਰ ਜਾਂਦੇ ਕਿ ਉਸ ਨਾਲ ਮੇਲ ਹੀ ਨਾ ਹੁੰਦਾ। ਕੁਝ ਦਿਨਾਂ ਬਾਅਦ ਮੈਂ ਯੂਨੀਵਰਸਿਟੀ ਵਿੱਚ ਦਾਖ਼ਲ ਹੋਇਆ ਤਾਂ ਉੱਥੇ ਇਸਲਾਮੀ ਪਾਰਟੀ ਵਾਲਿਆਂ ਕੋਲੋਂ ਇਕ-ਦੋ ਵਾਰ ਕੁੱਟ ਖਾਣ ਮਗਰੋਂ ਵਿਦੇਸ਼ ਚਲਾ ਗਿਆ। ਡੇਢ-ਦੋ ਸਾਲ ਬਾਅਦ ਪਰਤਿਆ ਪਰ ਹੋਰ ਈ ਕੰਮਾਂ ਵਿੱਚ ਉਲਝਿਆ ਰਿਹਾ। ਢਿੱਡ ਦੀ ਅੱਗ ਨੇ ਵੀ ਕਈ ਗੱਲਾਂ ਭੁਲਾ ਦਿੱਤੀਆਂ ਤੇ ਕਈ ਸਾਹਮਣੇ ਲਿਆ ਦਿੱਤੀਆਂ। ਪਤਾ ਨਹੀਂ ਉਹ ਕਦੇ ਨਜ਼ਰ ਨਾ ਆਈ ਅਤੇ ਨਾ ਕਿਸੇ ਨੇ ਉਸ ਦੀ ਗੱਲ ਕੀਤੀ। ਮਹਿਫ਼ਲਾਂ ਖ਼ਤਮ ਹੋ ਗਈਆਂ। ਦੂਜਿਆਂ ਵਾਂਗ ਉਹ ਵੀ ਗ਼ਾਇਬ ਹੋ ਗਈ।

ਮਲਿਕ ਵੀ ਪਰਦੇਸੀ ਹੋ ਗਿਆ। ਕੁਝ ਸਮਾਂ ਪਹਿਲਾਂ ਜਦੋਂ ਉਹ ਮੁੜਿਆ ਤਾਂ ਪੁਰਾਣੀਆਂ ਗੱਲਾਂ ਵਿੱਚ ਉਸ ਦਾ ਜ਼ਿਕਰ ਹੋਇਆ। ਮਲਿਕ ਕਹਿਣ ਲੱਗਾ, "ਉਹ ਤਾਂ ਤੈਨੂੰ ਬਹੁਤ ਪੁੱਛਦੀ ਸੀ। ਸਗੋਂ ਤੇਰੇ ਪਰਦੇਸ ਜਾਣ ਦਾ ਪਤਾ ਲੱਗਣ ਤੇ ਉਹ ਤੇਰੇ ਘਰ ਜਾ ਕੇ ਤੇਰੀ ਮਾਂ ਨੂੰ ਵੀ ਮਿਲੀ ਸੀ।" ਮੈਨੂੰ ਸਾਰੀ ਗੱਲ ਯਾਦ ਆ ਗਈ ਤੇ ਉਹ ਸ਼ਾਮ ਮੇਰੀਆਂ ਅੱਖਾਂ ਦੇ ਮੂਹਰੇ ਤੋਂ ਲੰਘ ਗਈ। ਮੈਂ ਸੋਚ ਰਿਹਾ ਸੀ ਇਕ ਗੱਲ ਯਾਦ ਆਉਣ ਤੇ ਕਿੰਨਾ ਸਮਾਂ ਗੁਜਰ ਚੁੱਕਿਆ ਹੁੰਦਾ ਹੈ। ਪਰ ਉਸ ਨੂੰ ਇਕ ਵਾਰ ਜ਼ਰੂਰ ਮਿਲਣਾ ਚਾਹੁੰਦਾ ਸੀ। ਪਤਾ ਨਹੀਂ ਕਿਉਂ ? ਸ਼ਾਇਦ ਇਸ ਲਈ ਕਿ ਉਹ ਇੰਨੀ ਦੇਰ ਬਾਅਦ ਮਿਲੀ ਸੀ। ਉਸ ਕੋਲ ਖੜੇ, ਉਸ ਨਾਲ ਗੱਲਾਂ ਕਰਦਿਆਂ ਅਸੀਂ ਅੱਜ ਪਹਿਲੀ ਵਾਰ ਅਸਲ ਗੱਲ ਦੀ ਆਸ ਵਿੱਚ ਖੜ੍ਹੇ ਸੀ। ਪਰ ਵਿਚਾਲੇ ਸਮੇਂ ਦੀ ਕਿੰਨੀ ਵੱਡੀ ਖਾਈ ਪੈ ਚੁੱਕੀ ਸੀ ਪਰ ਫਿਰ ਵੀ ਆਸ ਸੀ ਮੈਨੂੰ। ਭਾਵੇਂ ਆਸ ਦੀ ਕੋਈ ਸ਼ਕਲ ਮੇਰੇ ਕੋਲੋਂ ਬਣ ਨਹੀਂ ਸੀ ਰਹੀ।

ਅਗਲੇ ਹਫ਼ਤੇ ਅਸੀਂ ਪੁਰਾਣੇ ਕਾਫ਼ੀ ਹਾਊਸ ਵਿੱਚ ਮਿਲਣਾ ਸੀ। ਉਸ ਦੇ ਬਾਹਰ ਹੀ ਉਹ ਰਿਕਸ਼ੇ ਵਿੱਚੋਂ ਨਿਕਲਦੀ ਵਿਖਾਈ ਦਿੱਤੀ। ਗੱਲਾਂ ਕਰਦੇ ਹੋਏ ਅਸੀਂ ਦੋਵੇਂ ਕਾਫ਼ੀ ਹਾਊਸ ਆ ਕੇ ਬਹਿ ਗਏ। ਉਸ ਵਿੱਚ ਹੁਣ ਇਕ ਦ੍ਰਿੜ੍ਹਤਾ ਸੀ ਜੋ ਔਰਤਾਂ ਵਿੱਚ ਜ਼ਿੰਦਗੀ ਗੁਜਾਰਨ ਮਗਰੋਂ ਹੀ ਆਉਂਦੀ ਹੈ। ਜਦੋਂ ਉਹ ਇਕੱਲੀ ਕਿਧਰੇ ਆ ਜਾ ਸਕਦੀ ਹੈ ਤੇ ਕਿਸੇ ਆਦਮੀ ਨਾਲ ਕਾਫ਼ੀ ਹਾਊਸ ਵਿੱਚ ਬਹਿ ਕੇ ਗੱਲਾਂ ਵੀ ਕਰ ਲੈਂਦੀ ਹੈ। ਉਸ ਦੇ ਵਤੀਰੇ ਵਿੱਚ ਕੁਝ ਅਜਿਹੀ ਹੀ ਗੱਲ ਸੀ। ਜਿਵੇਂ ਸਾਰੀਆਂ ਗੱਲਾਂ ਹੋ ਗਈਆਂ ਹੋਣ। ਆਪਣੇ ਔਰਤ ਹੋਣ ਜਾਂ ਨਾ ਹੋਣ ਦੀ ਗੱਲ ਵੀ ਉਸ ਨੂੰ ਮਹਿਸੂਸ ਨਹੀਂ ਹੋ ਰਹੀ ਸੀ। ਮੈਂ ਚਾਹ ਦਾ ਆਰਡਰ ਦੇਣ ਲੱਗਾ ਤਾਂ ਉਸ ਨੇ ਰੋਕ ਦਿੱਤਾ। ਅਸਲ ਵਿੱਚ ਉਸ ਨੇ ਕਿਸੇ ਹੋਰ ਨੂੰ ਮਿਲਣਾ ਸੀ। ਫਿਰ ਉਸ ਨੇ ਬਾਜਵਾ ਦਾ ਨਾਂ ਲਿਆ। "ਤੁਸੀਂ ਤਾਂ ਉਸ ਨੂੰ ਜਾਣਦੇ ਹੋ।" ਉਸ ਦੇ ਪਹਿਲੀ ਵਾਰ ਪੁਰਾਣੇ ਸਮੇਂ ਦੀ ਯਾਦ ਤਾਜ਼ਾ ਕੀਤੀ। ਬਾਜਵਾ ਸਾਡੇ ਸਰਕਲ ਦਾ ਨਹੀਂ ਸੀ ਤੇ ਅਸੀਂ ਕਦੇ ਉਸ ਨੂੰ ਘਾਹ ਨਹੀਂ ਸੀ ਪਾਇਆ।

ਏਨੇ ਵਿੱਚ ਉਹ ਆ ਗਿਆ। ਨਾ ਉਸ ਨੇ ਪਛਾਣਿਆ, ਨਾ ਹੀ ਮੈਂ ਕੋਈ ਦਿਲਚਸਪੀ ਵਿਖਾਈ। ਉਸ ਨੇ ਖ਼ੁਦ ਹੀ ਉਸ ਨੂੰ ਪੁਰਾਣੀ ਗੱਲ ਯਾਦ ਕਰਾਈ ਤੇ ਬਾਜਵਾ ਨੇ ਬੇਰੁਖ਼ੀ ਜਿਹੀ ਨਾਲ ਹੱਥ ਅੱਗੇ ਵਧਾ ਦਿੱਤਾ। "ਅੱਛਾ ਫੇਰ" ਕਹਿ ਕੇ ਉਹ ਦੋਵੇਂ ਖੜ੍ਹੇ ਹੋ ਗਏ ਤੇ ਨਾਲ ਹੀ ਬੈਰੇ ਨੇ ਮੇਜ ਤੇ ਕੱਪੜਾ ਮਾਰ ਕੇ ਦੋ ਗਲਾਸ ਪਾਣੀ ਦੇ ਰੱਖ ਦਿੱਤੇ।

ਪੁੱਛਣ ਲੱਗਾ, "ਚਾਹ ਲਿਆਵਾਂ ?"

ਹੁਣ ਨਾ ਮੇਰਾ ਜਲਦਬਾਜ਼ੀ ਵਾਲਾ ਸੁਭਾਅ ਰਿਹਾ ਹੈ ਅਤੇ ਨਾ ਹੀ ਘਟ ਰਹੀ ਇਸ ਘਟਨਾ ਤੋਂ ਨੱਠਣ ਦੀ ਕੋਸ਼ਿਸ਼। ਮੈਂ ਆਰਾਮ ਨਾਲ ਬਹਿ ਕੇ ਚਾਹ ਪੀਤੀ ਤੇ ਕਾਫ਼ੀ ਹਾਊਸ ਤੋਂ ਬਾਹਰ ਨਿਕਲ ਕੇ ਮਾਲ ਰੋਡ ਦੀ ਰੇਲਿੰਗ ਦੇ ਨਾਲ ਲੱਗ ਕੇ ਖੜ੍ਹਾ ਹੋ ਗਿਆ। ਪੁਰਾਣੇ ਸਮੇਂ ਵਿੱਚ ਅਸੀਂ ਕਈ ਵਾਰ ਆਦਮੀਆਂ ਨੂੰ ਇਸ ਤਰ੍ਹਾਂ ਚੁੱਪ-ਚਪੀਤੇ ਰੇਲਿੰਗ ਦੇ ਨਾਲ ਕਿੰਨੀ-ਕਿੰਨੀ ਦੇਰ ਖੜ੍ਹੇ ਦੇਖਦੇ ਰਹਿੰਦੇ ਸੀ। ਅੱਜ ਮੇਰੀ ਸਮਝ ਵਿੱਚ ਇਹ ਗੱਲ ਆਈ ਸੀ ਕਿ ਉਹ ਉੱਥੇ ਕਿਉਂ ਖੜ੍ਹੇ ਰਹਿੰਦੇ ਸੀ। ਅਜੀਬ ਸ਼ਾਮ ਸੀ ਉਹ ਜਿਸ ਨੇ ਮੇਰੇ ਅੰਦਰ ਇਕ ਅਜੀਬ ਉਦਾਸੀ ਭਰ ਦਿੱਤੀ ਸੀ।

*ਮੂਲ ਲੇਖਕ* : **ਜ਼ੁਬੇਰ ਅਹਿਮਦ**

*ਮਕਾਨ 256, ਪ੍ਰੋਫੈਸਰ ਕਾਲੋਨੀ, ਸਾਮ੍ਹਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)*


*(ਸਫ਼ਾ 10 ਦਾ ਬਾਕੀ)*

ਕਦੇ ਮੋਕਲਾ ਵੀ ਨਹੀਂ ਰਿਹਾ। ਜਿੱਥੇ ਉਨ੍ਹਾਂ ਆਪਣੇ ਸਿਧਾਂਤਾਂ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ। ਹਮੇਸ਼ਾਂ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤੱਤਪਰ ਰਹੇ। ਉਹ ਆਪ ਦਸਾਂ ਨਹੁੰਆਂ ਦੀ ਕਿਰਤ ਕਰਦੇ ਰਹੇ ਅਤੇ ਆਪਣੇ ਪਰਿਵਾਰ ਦੀ ਉਦਰ ਪੂਰਤੀ ਲਈ ਵੱਖਰੇ ਤੌਰ ਤੇ ਘਾਲਣਾ ਕਰਦੇ ਰਹੇ, ਇਸ ਦ੍ਰਿਸ਼ਟੀ ਨਾਲ ਉਨ੍ਹਾਂ ਦਾ ਜੀਵਨ ਬਾਬਾ ਨਾਨਕ ਦੇ ਇਨ੍ਹਾਂ ਅਸੂਲਾਂ ਦਾ ਧਾਰਨੀ ਰਿਹਾ ਹੈ :

*ਘਾਲ ਖਾਇ ਕਛੁ ਹਥੋਂ ਦੇਹ ॥*

ਆਨੰਦ ਨੇ ਸਦਾ ਦੇਸ਼-ਦੋਖੀ ਤਾਕਤਾਂ ਨਾਲ ਦਸਤਪੰਜਾ ਲਿਆ ਹੈ। ਇਸ ਮਾਮਲੇ ਵਿੱਚ ਉਨ੍ਹਾਂ ਕਦੇ ਕਿਸੇ ਦਾ ਲਿਹਾਜ਼ ਨਹੀਂ ਕੀਤਾ। ਜੋ ਮਹਿਸੂਸ ਕੀਤਾ ਉਹ ਕਿਹਾ ਅਤੇ ਉਸ ਨੂੰ ਅਮਲੀ ਜਾਮਾ ਪਹਿਨਾਇਆ। ਇਹੋ ਜਿਹੀ ਵਿਲੱਖਣ ਹਸਤੀ ਨੇ ਮਾਂ-ਬੋਲੀ ਦਾ ਮਾਣ ਵਧਾਇਆ ਹੈ। ਸ਼ਾਲਾ ! ਇਹ ਮਹਾਨ ਸ਼ਾਨਾਂਮੱਤੀ ਹਸਤੀ ਦਾ ਸਾਥ ਲੰਮੇ ਸਮੇਂ ਤੱਕ ਬਣਿਆ ਰਹੇ।

*15-ਤਾਲਕਟੋਰਾ ਰੋਡ, ਦਿੱਲੀ-110001*



# ਦੋ ਗ਼ਜ਼ਲਾਂ

**ਡਾ. ਹਰਨੇਕ ਸਿੰਘ 'ਕਲੇਰ'**

ਦਿਲ ਨੂੰ ਆਖੋ ਲਟ ਲਟ ਬਲਿਆ ਕਰੇ ।
ਹਨੇਰੇ ਰਾਹਾਂ ਨੂੰ ਰੌਸ਼ਨ ਕਰਿਆ ਕਰੇ ।

ਮੰਜ਼ਿਲਾਂ ਸਰ ਕਰਨੀਆਂ ਜਿਸ ਗੀਤ ਨੇ,
ਬੇਖ਼ੌਫ਼ ਕੱਚੇ ਘੜੇ ਤੇ ਤਰਿਆ ਕਰੇ ।

ਧਰਤੀ ਰੁਸ਼ਨਾਉਣ ਦੀ ਜੇ ਦਿਲ 'ਚ ਹੈ ਉਮੰਗ,
ਬਲਦੇ ਚਿਰਾਗ਼ ਤਲੀਆਂ 'ਤੇ ਧਰਿਆ ਕਰੇ ।

ਖ਼ੰਜਰ ਜੋ ਬੋਚਣੇ ਸੀਨੇ ਦੀ ਢਾਲ ਤੇ,
ਇਨਸਾਫ਼ ਲਈ ਹਰ ਸਿਤਮ ਹੱਸ ਕੇ ਜਰਿਆ ਕਰੇ ।

ਫੁੱਲਾਂ ਵਾਂਗ ਖਿੜੀਂ ਮਹਿਕ ਬਣ ਜਾਈਂ 'ਕਲੇਰ',
ਜ਼ਿੰਦਗੀ ਦੀ ਬਾਜ਼ੀ ਜਿੱਤਿਆ ਕਦੇ ਹਰਿਆ ਕਰੇ ।

ਦਿਲ ਨੂੰ ਆਖੋ ਲਟ ਲਟ ਬਲਿਆ ਕਰੇ,
ਹਨੇਰੇ ਰਾਹਾਂ ਨੂੰ ਰੌਸ਼ਨ ਕਰਿਆ ਕਰੇ ।

## 2

ਗ਼ਜ਼ਲ ਵਿੱਚ ਬੰਨ੍ਹਣਾ ਕੋਈ ਸੁੱਚਾ ਖ਼ਿਆਲ ।
ਪੈਰਾਂ ਵਿੱਚ ਪਾਈ ਪੰਜ਼ੇਬ ਵੀ ਦੇਵੇਗੀ ਤਾਲ ।

ਭਟਕ ਨਾ ਜਾਣਾ ਮੰਜ਼ਿਲ ਵੱਲ ਤੁਰਦਿਆਂ,
ਚੌਰਾਹੇ ਕਈ ਆਉਣਗੇ, ਰੱਖਣਾ ਖ਼ਿਆਲ ।

ਠੋਕ੍ਹਰ ਖਾ ਕੇ ਤੁਰ ਪੈਣਾ ਹੀ ਜ਼ਿੰਦਗੀ,
ਜ਼ਿੰਦਗੀ 'ਚ ਸਦਾ ਨਹੀਂ ਹੁੰਦੀ ਕਮਾਲ ।

ਦੋਸਤਾਂ ਨੂੰ ਦਗ਼ੇਬਾਜ਼ ਕਹਿਣਾ ਨਹੀਂ ਹੈ ਠੀਕ,
ਦੋਸਤੀ ਤਾਂ ਹੁੰਦੀ ਏ ਮਹਿਬੂਬ ਦਾ ਰੁਮਾਲ ।

ਪਤੰਗ ਵਾਂਗੂ ਡੋਰ ਦਾ ਨਾ ਹੋਣਾ ਗ਼ੁਲਾਮ,
ਉੱਡਣਾ ਅੰਬਰ 'ਤੇ ਬਣ ਕੇ ਖ਼ਿਆਲ ।

ਚੁਣੌਤੀਆਂ ਕਬੂਲਣਾ ਸਦਾ ਹੀ 'ਕਲੇਰ',
ਰਾਹ ਦਸੇਰਾ ਕਹਿਲਾਈਂ ਬਣ ਕੇ ਮਸ਼ਾਲ ।

*2655, ਫੇਸ-vii, ਮੋਹਾਲੀ-160062*

ਲੇਖ

# ਬਾਲ ਸਾਹਿਤ ਦੇ ਵਿਕਾਸ ਦਾ ਸੂਚਕ ਹਨ ਸਕੂਲੀ ਬਾਲ ਰਸਾਲੇ

**ਦਰਸ਼ਨ ਸਿੰਘ 'ਆਸ਼ਟ' (ਡਾ.)**

ਬਾਲ ਮਨ ਬਹੁਤ ਕੁਝ ਕਰਨਾ ਲੋਚਦਾ ਹੈ। ਉਸ ਵਿੱਚ ਕਿਸੇ ਨਾ ਕਿਸੇ ਪ੍ਰਕਾਰ ਦਾ ਰਚਨਾਤਮਕ ਅਮਲਾ ਚੱਲਦਾ ਰਹਿੰਦਾ ਹੈ। ਕਈ ਬੱਚੇ ਚਿੱਤਰਕਾਰੀ ਰਾਹੀਂ ਆਪਣੀਆਂ ਕੋਮਲ ਭਾਵਨਾਵਾਂ ਨੂੰ ਕਲਪਨਾ ਦੇ ਖੰਭ ਲਗਾਉਂਦੇ ਹੋਏ ਭਾਂਤ-ਭਾਂਤ ਦੀਆਂ ਮੂਰਤਾਂ ਵਾਹੁਣ ਵਿੱਚ ਰੁਚੀ ਰੱਖਦੇ ਹਨ। ਕੁਝ ਬੱਚੇ ਮਿੱਟੀ ਦੇ ਘਰ ਬਣਾ ਕੇ ਆਪਣੇ ਸੁਪਨੇ ਸਾਕਾਰ ਕਰਨ ਦਾ ਯਤਨ ਕਰਦੇ ਹਨ। ਇਸੇ ਤਰ੍ਹਾਂ ਕਈ ਬੱਚੇ ਨ੍ਰਿਤ ਕਲਾ, ਮੂਰਤੀ ਕਲਾ, ਭਾਸ਼ਣ ਕਲਾ ਜਾਂ ਹੋਰ ਕਲਾਵਾਂ ਵਿੱਚ ਦਿਲਚਸਪੀ ਲੈਂਦੇ ਹੋਏ ਆਪੋ ਆਪਣੇ ਹੁਨਰ ਨੂੰ ਇਕ ਦੂਜੇ ਨਾਲੋਂ ਵਧੇਰੇ ਚਮਕਾਉਣ ਦਾ ਜਤਨ ਕਰਦੇ ਰਹਿੰਦੇ ਹਨ।

ਵੰਨ-ਸੁਵੰਨੀਆਂ ਕਲਾਵਾਂ ਵਾਂਗ ਸਾਹਿਤ ਵੀ ਇਕ ਰਚਨਾਤਮਕ ਪ੍ਰਕਿਰਿਆ ਹੈ। ਬੱਚਿਆਂ ਵਿੱਚ ਵੀ ਇਹ ਹੁਨਰ ਆਮ ਪਾਇਆ ਜਾਂਦਾ ਹੈ। ਬੱਚੇ ਆਪਣੀ ਕਲਪਨਾ ਦੇ ਸਹਾਰੇ ਕੋਈ ਕਹਾਣੀ, ਕਵਿਤਾ, ਨਾਟਕ, ਇਕਾਂਗੀ, ਗੀਤ ਜਾਂ ਮਜ਼ਮੂਨ ਲਿਖ ਕੇ ਸਕੂਨ ਅਤੇ ਖ਼ੁਸ਼ੀ ਮਹਿਸੂਸ ਕਰਦੇ ਹਨ। ਉਹ ਆਪਣੀਆਂ ਲਿਖਤਾਂ ਨੂੰ ਵੰਨ-ਸੁਵੰਨੇ ਰਸਾਲਿਆਂ ਅਤੇ ਰੋਜ਼ਾਨਾ ਅਖ਼ਬਾਰਾਂ ਦੇ ਬਾਲ ਕਾਲਮਾਂ ਵਿੱਚ ਛਪਵਾ ਕੇ ਉਤਸ਼ਾਹ ਨਾਲ ਖੀਵੇ ਹੋ ਜਾਂਦੇ ਹਨ। ਵਿਦਿਆਰਥੀਆਂ ਵਿੱਚ ਸਾਹਿਤ ਰਚਨਾ ਦਾ ਇਹ ਅਮਲ ਉਨ੍ਹਾਂ ਲਈ ਇਕ ਨਹੀਂ, ਅਨੇਕ ਪੱਖਾਂ ਤੋਂ ਲਾਭਕਾਰੀ ਸਿੱਧ ਹੁੰਦਾ ਹੈ।

ਕੋਈ ਸਮਾਂ ਸੀ ਜਦੋਂ ਪੰਜਾਬੀ ਵਿੱਚ 'ਬਾਲਕ', 'ਬਾਲ ਸੰਦੇਸ਼', 'ਬੀਬਾ ਰਾਣਾ', 'ਬਾਲ ਦਰਬਾਰ', 'ਛਣਕਣਾ' ਅਤੇ 'ਅੱਲੜ੍ਹ ਬੱਲੜ੍ਹ' ਵਰਗੇ ਪ੍ਰਸਿੱਧ ਬਾਲ ਰਸਾਲੇ ਸਕੂਲਾਂ ਵਿੱਚ ਵੱਡੀ ਗਿਣਤੀ ਵਿੱਚ ਆਉਂਦੇ ਸਨ। ਅੱਜ ਦੇ ਬਹੁਤ ਸਾਰੇ ਪ੍ਰਸਿੱਧ ਲਿਖਾਰੀ ਇਨ੍ਹਾਂ ਬਾਲ ਰਸਾਲਿਆਂ ਦੀ ਹੀ ਦੇਣ ਹਨ ਪਰ ਜਿਉਂ-ਜਿਉਂ ਇਲੈਕਟ੍ਰਾਨਿਕ ਅਤੇ ਮੀਡੀਆ ਦੇ ਯੁੱਗ ਵਿੱਚ ਟੀ.ਵੀ. ਅਤੇ ਕਾਰਟੂਨ ਮਨੋਰੰਜਨ ਦੇ ਸਾਧਨ ਬਣ ਕੇ ਸਾਹਮਣੇ ਆਉਣ ਲੱਗੇ, ਤਿਉਂ-ਤਿਉਂ ਪੰਜਾਬੀ ਵਿੱਚ ਛਪਦੇ ਉਪਰੋਕਤ ਬਾਲ ਰਸਾਲੇ ਇਕ-ਇਕ ਕਰਕੇ ਬੰਦ ਹੁੰਦੇ ਗਏ। ਨਤੀਜੇ ਵਜੋਂ ਲਗਪਗ ਪੰਦਰ੍ਹਾਂ ਕਰੋੜ ਪੰਜਾਬੀਆਂ ਦੇ ਬੱਚਿਆਂ ਲਈ ਵਰਤਮਾਨ ਸਮੇਂ ਵਿੱਚ ਕੇਵਲ ਚਾਰ ਹੀ ਬਾਲ ਰਸਾਲੇ 'ਪੰਖੜੀਆਂ', 'ਪ੍ਰਾਇਮਰੀ ਸਿੱਖਿਆ', 'ਹੱਸਤੀ ਦੁਨੀਆ' ਅਤੇ 'ਨਿੱਕੀਆਂ ਕਰੂੰਬਲਾਂ' ਹੀ ਛਪ ਰਹੇ ਹਨ। ਜਦੋਂ ਕਿ ਹਿੰਦੀ ਭਾਸ਼ਾ ਵਿੱਚ ਬਾਲ ਰਸਾਲਿਆਂ ਦੀ ਗਿਣਤੀ ਪੰਜਾਹ ਤੋਂ ਵਧੀਕ ਹੈ ਅਤੇ ਕਈਆਂ ਦੀ ਪ੍ਰਤੀ ਮਹੀਨਾ ਛਪਣ ਗਿਣਤੀ ਤਿੰਨ-ਤਿੰਨ ਲੱਖ ਕਾਪੀਆਂ ਤੋਂ ਵੱਧ ਹੈ। ਕੁਝ ਅਰਸਾ ਪਹਿਲਾਂ ਸਰਵ-ਸਿੱਖਿਆ ਅਭਿਆਨ ਵੱਲੋਂ ਵੀ ਇਕ ਬਾਲ ਰਸਾਲਾ 'ਆਲੇ ਭੋਲੇ' ਛਾਪਣਾ ਸ਼ੁਰੂ ਕੀਤਾ ਗਿਆ ਸੀ ਪਰੰਤੂ ਪਿਛਲੇ ਸਾਲ ਦੌਰਾਨ ਸਕੂਲੀ ਵਿਦਿਆਰਥੀਆਂ ਨਾਲ ਇਸ ਦੀ ਸਾਂਝ ਟੁੱਟ ਗਈ ਅਰਥਾਤ ਇਹ ਬਾਲ ਰਸਾਲਾ ਬੰਦ ਹੋ ਗਿਆ। ਹਾਂ 'ਪ੍ਰੀਤ ਲੜੀ' ਵੱਲੋਂ ਆਪਣੇ ਬਾਲ ਪਾਠਕਾਂ ਲਈ ਕੁਝ ਵਿਸ਼ੇਸ਼ ਪੰਨਿਆਂ ਨੂੰ ਰੰਗਦਾਰ ਰੂਪ ਵਿੱਚ ਛਾਪ ਕੇ ਸਕੂਲੀ ਵਿਦਿਆਰਥੀਆਂ ਵਿੱਚ ਬਾਲ ਸਾਹਿਤ ਦੀ ਘਾਟ ਨੂੰ ਪੂਰਨ ਦਾ ਜਤਨ ਕੀਤਾ ਜਾ ਰਿਹਾ ਹੈ।

ਸਕੂਲਾਂ ਦੇ ਵਿਦਿਆਰਥੀ ਵਰਗ ਨੂੰ ਭਾਸ਼ਾਈ ਚੇਤਨਾ ਅਤੇ ਸਾਹਿਤ ਜ਼ਰੀਏ ਸਮਾਜਿਕ ਸਰੋਕਾਰਾਂ ਨਾਲ ਜੋੜਨ ਲਈ ਹੁਣੇ-ਹੁਣੇ ਪੰਜਾਬੀ ਵਿੱਚ ਬਾਲ ਸਾਹਿਤ ਦੀ ਘਾਟ ਨੂੰ ਮਹਿਸੂਸ ਕਰਦੇ ਹੋਏ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਦੇ ਮੁਖੀਆਂ ਨੂੰ ਆਪੋ ਆਪਣਾ ਬਾਲ ਰਸਾਲਾ ਛਾਪਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਹਰ ਵਿੱਤੀ ਸਾਲ ਦੇ ਅੰਤ ਤੱਕ ਭਾਵ 31 ਮਾਰਚ ਤੋਂ ਪਹਿਲਾਂ-ਪਹਿਲਾਂ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਆਪੋ ਆਪਣਾ ਬਾਲ ਰਸਾਲਾ ਛਾਪਣਗੇ। ਇਨ੍ਹਾਂ ਰਸਾਲਿਆਂ ਦਾ ਬੁਨਿਆਦੀ ਮਕਸਦ ਬਾਲ ਮਨਾਂ ਦੀ ਸਿਰਜਣ ਸ਼ਕਤੀ ਨੂੰ ਵਧਣ-ਫੁੱਲਣ ਲਈ ਢੁੱਕਵਾਂ ਮਾਹੌਲ ਦੇਣਾ, ਉਨ੍ਹਾਂ ਦਾ ਭਾਸ਼ਾਈ ਗਿਆਨ ਵਧਾਉਣਾ, ਆਪਣੀ ਕੌਮ ਅਤੇ ਪ੍ਰਾਂਤ ਬਾਰੇ ਬਹੁਪੱਖੀ ਵਾਕਫ਼ੀਅਤ ਪ੍ਰਦਾਨ ਕਰਨਾ, ਵਿਰਾਸਤ ਅਤੇ ਸੱਭਿਆਚਾਰਕ ਸਰੋਕਾਰਾਂ ਬਾਰੇ ਗਿਆਨ ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ ਤਾਂ ਜੋ ਕੰਪਿਊਟਰ, ਮੋਬਾਈਲ, ਇੰਟਰਨੈਟ, ਟੀ.ਵੀ. ਅਤੇ ਕਾਰਟੂਨ ਨੈਟੱਵਰਕਿੰਗ ਦੇ ਵਰਤਮਾਨ ਯੁੱਗ ਵਿੱਚ ਪੰਜਾਬੀ ਮਾਤ-ਭਾਸ਼ਾ ਵਿੱਚ ਸਿਰਜਣਾਤਮਕ ਸਰਗਰਮੀਆਂ ਨੂੰ ਹੁਲਾਰਾ ਮਿਲ ਸਕੇ। ਇਹ ਕਦਮ ਚੁੱਕਣ ਦਾ ਇਕ ਹੋਰ ਸਬੱਬ ਤੀਜੇ ਦਰਜੇ ਭਾਵ ਘਟੀਆ ਪੱਧਰ ਦੀ ਸਾਹਿਤਕ

ਸਮੱਗਰੀ ਨੂੰ ਭਾਂਜ ਦੇਣਾ ਵੀ ਹੈ । ਸਕੂਲਾਂ ਵੱਲੋਂ ਛਾਪੇ ਜਾ ਰਹੇ ਇਨ੍ਹਾਂ ਬਾਲ ਰਸਾਲਿਆਂ ਦੀ ਪ੍ਰਕਾਸ਼ਨਾ ਦਾ ਇਕ ਲਾਭ ਇਹ ਵੀ ਹੋ ਰਿਹਾ ਹੈ ਕਿ ਇਸ ਨਾਲ ਪੰਜਾਬੀ ਵਿੱਚ ਬਾਲ ਸਾਹਿਤ ਪੜ੍ਹਨ ਦੀ ਲਹਿਰ ਨੂੰ ਹੁਲਾਰਾ ਮਿਲੇਗਾ । ਇਉਂ ਬਾਲ ਪਾਠਕਾਂ ਦੀ ਘਾਟ ਦੂਰ ਹੋਣ ਦੀ ਸੰਭਾਵਨਾ ਬਣ ਗਈ ਹੈ । ਇਨ੍ਹਾਂ ਰਸਾਲਿਆਂ ਵਿੱਚ ਮੌਲਿਕ ਰਚਨਾਵਾਂ ਲਿਖਣ ਵਾਲੇ ਵਿਦਿਆਰਥੀ ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗ੍ਰੇਜ਼ੀ ਵਰਗੀਆਂ ਭਾਸ਼ਾਵਾਂ ਨਾਲ ਸੰਬੰਧਿਤ ਵਿਸ਼ਿਆਂ ਵਿੱਚ ਹੋਰ ਵਧੇਰੇ ਮੁਹਾਰਤ ਹਾਸਲ ਕਰਕੇ ਪ੍ਰੀਖਿਆ ਵਿੱਚ ਚੰਗੇ ਅੰਕ ਲਿਆ ਸਕਦੇ ਹਨ ।

ਮੰਡੀਕਰਨ ਦੇ ਅਜੋਕੇ ਦੌਰ ਵਿੱਚ, ਬਜ਼ਾਰਾਂ ਵਿੱਚ ਆਮ ਚੱਲ ਰਹੀਆਂ ਵੀਡੀਓ ਗੇਮਾਂ ਬਾਲਾਂ ਦੀ ਮਾਸੂਮੀਅਤ ਅਤੇ ਮਾਨਸਿਕਤਾ ਨੂੰ ਗ਼ਲਤ ਦਿਸ਼ਾ ਦੇ ਕੇ ਉਨ੍ਹਾਂ ਦੇ ਵਿਵਹਾਰ ਨੂੰ ਚਿੜਚਿੜਾ ਅਤੇ ਹਿੰਸਕ ਬਣ ਰਹੀਆਂ ਹਨ । ਸਕੂਲਾਂ ਵੱਲੋਂ ਆਰੰਭੇ ਗਏ ਇਸ ਸਾਹਿਤਕ ਅਤੇ ਉਸਾਰੂ ਵਾਤਾਵਰਣ ਨਾਲ ਵਿਦਿਆਰਥੀ ਵਰਗ ਵਿੱਚ ਪੈਦਾ ਹੋ ਰਹੀ ਬੇਚੈਨੀ, ਨਿਰਾਸ਼ਤਾ ਅਤੇ ਨਸ਼ਾਖੋਰੀ ਦੀ ਪ੍ਰਵਿਰਤੀ ਨੂੰ ਠੱਲ੍ਹ ਪਵੇਗੀ । ਇਨ੍ਹਾਂ ਬਾਲ ਰਸਾਲਿਆਂ ਦੇ ਰੂਪ ਵਿੱਚ ਚੰਗਾ ਸਾਹਿਤ ਵਿਦਿਆਰਥੀਆਂ ਦੀ ਅਗਵਾਈ ਕਰਕੇ ਚੰਗੇ ਨਾਗਰਿਕ ਬਣਨ ਵਿੱਚ ਮਦਦਗਾਰ ਸਾਬਤ ਹੋਵੇਗਾ ।

*ਪੰਜਾਬੀ ਯੂਨੀਵਰਸਿਟੀ ਕੈਂਪਸ,*
*ਪਟਿਆਲਾ-147002*
*(ਪੰਜਾਬ)*

## ਤਿੰਨ ਕਵਿਤਾਵਾਂ

**ਭਾਈ ਵੀਰ ਸਿੰਘ**



### (i)
### ਯਾਦ

'ਯਾਦ ਸੱਜਣ ਦੀ' ਹਰਦਮ ਰਹਿੰਦੀ
ਲਹਿ ਗਈ ਡੂੰਘੇ ਥਾਂਈਂ,
ਵਾਂਗ ਸੰਗੀਤ ਲਹਿਰਦੀ ਅੰਦਰ
ਬਣ ਗਈ ਰਾਗ ਇਲਾਹੀ ।
ਦਾਰੂ ਵਾਂਗ ਸਰੂਰ ਚਾੜ੍ਹਦੀ,
ਤਰਬ ਵਾਂਗ ਥਰਰਾਵੇ,
ਖਿੱਚੇ ਤਾਂ ਰਸ-ਭਿੰਨੀ ਕਸਕੇ,
ਲੱਗੇ ਫਿਰ ਸੁਖਦਾਈ ।

### (ii)
### ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ

ਡਾਲੀ ਨਾਲੋਂ ਤੋੜ ਨ ਸਾਨੂੰ,
ਅਸਾਂ ਹੱਟ ਮਹਿਕ ਦੀ ਲਾਈ !
ਲੱਖ ਗਾਹਕ ਜੇ ਸੁੰਘੇ ਆ ਕੇ,
ਖਾਲੀ ਇਕ ਨ ਜਾਈ !
ਤੂੰ ਜੇ ਇਕ ਤੋੜ ਕੇ ਲੈ ਗਿਓਂ,
ਇਕ ਜੋਗਾ ਰਹਿ ਜਾਸਾਂ,
ਉਹ ਭੀ ਪਲਕ ਝਲਕ ਦਾ ਮੇਲਾ --
ਰੂਪ ਮਹਿਕ ਨੱਸ ਜਾਈ ।

### (iii)
### ਵੈਰੀ ਨਾਗ ਦਾ ਪਹਿਲਾ ਝਲਕਾ

ਵੈਰੀ ਨਾਗ ! ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿੱਚ ਵੱਜਦਾ,
ਕੁਦਰਤ ਦੇ 'ਕਾਦਰ' ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫ਼ਿਰੋਜ਼ੀ ਝਲਕ ਬਲੌਰੀ,
ਡਲ੍ਹਕ ਮੋਤੀਆਂ ਵਾਲੀ,
ਰੂਹ ਵਿੱਚ ਆ ਆ ਜਜ਼ਬ ਹੋਇ,
ਜੀ ਵੇਖ ਵੇਖ ਨਹੀਂ ਰੱਜਦਾ ।
ਨਾ ਕੋਈ ਨਾਦ ਸਰੋਦ ਸੁਣੀਵੇਂ,
ਫਿਰ 'ਸੰਗੀਤ ਰਸ' ਛਾਇਆ,
'ਚੁੱਪ-ਚਾਨ' ਫਿਰ ਰੂਪ ਤਿਰੇ ਵਿੱਚ,
ਕਵਿਤਾ ਰੰਗ ਜਮਾਇਆ,
ਸਰਦ ਸਰਦ ਪਰ ਛੁਹਿਆਂ ਤੈਨੂੰ
ਰੂਹ ਸਰੂਰ ਵਿੱਚ ਆਵੇ;
ਗਹਿਰ ਗੰਭੀਰ, ਅਡੋਲ ਸੁਹਾਵੇ !
ਤੈਂ ਕਿਹਾ ਜੋਗ ਕਮਾਇਆ ?

*ਪੁਸਤਕ 'ਭਾਈ ਵੀਰ ਸਿੰਘ ਦੀਆਂ*
*ਚੋਣਵੀਆਂ ਕਵਿਤਾਵਾਂ' ਵਿੱਚੋਂ*
*ਧੰਨਵਾਦ ਸਹਿਤ*

ਪ੍ਰੇਰਕ ਕਥਾ

# ਸਰਸਵਤੀ

**ਮੁਖ਼ਤਾਰ ਗਿੱਲ**

ਉੱਤਰ-ਪੂਰਬੀ ਸੀਮਾ ਨੇੜੇ ਆਦਿਵਾਸੀ ਖੇਤਰ ਵਿੱਚ ਦੋ ਕਬੀਲੇ ਰਹਿੰਦੇ ਸਨ। ਦੋਹਾਂ ਕਬੀਲਿਆਂ ਵਿਚਾਲੇ ਹਿਮਾਲਾ ਪਰਬਤ ਲੜੀ ਦੀਆਂ ਪਹਾੜੀਆਂ ਸਨ। ਗੁਆਂਢੀ ਦੇਸ਼ ਦੀ ਸਰਹੱਦ ਨਾਲ ਲੱਗਣ ਵਾਲਾ ਪਹਾੜੀਆਂ ਤੋਂ ਪਾਰਲਾ ਇਲਾਕਾ ਕੁਦਰਤੀ ਸਰੋਤਾਂ ਨਾਲ ਭਰਪੂਰ ਸੀ। ਬਾਰ੍ਹਾਂ ਮਹੀਨੇ ਵਗਦੀ ਰਹਿਣ ਵਾਲੀ ਨਦੀ, ਝੀਲ, ਝਰਨੇ ਅਤੇ ਆਬਸ਼ਾਰਾਂ ਸਨ। ਸਭ ਕੁਝ ਦੇ ਬਾਵਜੂਦ ਵਿੱਦਿਆ ਦਾ ਚਾਨਣ ਇਨ੍ਹਾਂ ਤੱਕ ਨਹੀਂ ਸੀ ਪੁੱਜ ਸਕਿਆ। ਉਹ ਨਾ ਤਾਂ ਵਿੱਦਿਆ ਪ੍ਰਾਪਤੀ ਦੇ ਸੰਵਿਧਾਨਕ ਅਧਿਕਾਰਾਂ ਬਾਰੇ ਜਾਣਦੇ ਸਨ ਅਤੇ ਨਾ ਹੀ ਉਨ੍ਹਾਂ ਦੀ ਪੜ੍ਹਨ 'ਚ ਰੁਚੀ ਸੀ। ਉਨ੍ਹਾਂ ਦੇ ਖੇਤ ਉਪਜਾਊ ਸਨ, ਜੰਗਲੀ ਫਲਦਾਰ ਬੂਟੇ ਸਨ। ਕਿਸਾਨ ਭਾਵੇਂ ਸੁਸਤ ਤੇ ਲਾਪ੍ਰਵਾਹ ਸਨ ਪਰ ਕੁਦਰਤ ਦੀ ਇਸ ਦਾਤ ਪਾਣੀ ਦੇ ਭਰਪੂਰ ਸੋਮਿਆਂ ਕਰਕੇ ਫ਼ਸਲ ਭਰਪੂਰ ਹੁੰਦੀ ਸੀ। ਉਨ੍ਹਾਂ ਕੋਲ ਪਾਣੀ, ਫੁੱਲ, ਫਲ ਅਤੇ ਹੋਰ ਖਾਧ-ਪਦਾਰਥ ਵਾਧੂ ਸਨ ਪਰ ਉਹ ਪਹਾੜੀਆਂ ਤੋਂ ਦੂਸਰੇ ਪਾਸੇ ਵਸਦੇ ਆਪਣੇ ਹੀ ਕਬੀਲੇ ਦੇ ਲੋਕਾਂ ਨੂੰ ਕੁਦਰਤ ਦੀ ਬਖ਼ਸ਼ੀ ਇਸ ਅਨਮੋਲ ਦਾਤ ਵਿੱਚੋਂ ਕੁਝ ਵੀ ਦੇਣ ਲਈ ਰਾਜ਼ੀ ਨਹੀਂ ਸਨ।

ਇੱਧਰਲੇ ਇਲਾਕੇ ਵਿੱਚ ਪਾਣੀ ਦੀ ਘਾਟ ਹੋਣ ਕਾਰਨ ਫ਼ਸਲ ਮਸਾਂ ਹੀ ਗੁਜ਼ਾਰੇ ਜੋਗੀ ਹੁੰਦੀ ਸੀ, ਉਹ ਵੀ ਜੇ ਸਮੇਂ-ਸਿਰ ਮੀਂਹ ਪੈਂਦਾ ਰਹੇ। ਮੀਂਹ ਦਾ ਪਾਣੀ ਪਹਾੜੀ ਇਲਾਕਾ ਹੋਣ ਕਰਕੇ ਇਕੱਠਾ ਕਰਨਾ ਔਖਾ ਸੀ। ਦੂਸਰਾ ਤਲਾਬ ਆਦਿ ਵਿੱਚੋਂ ਮੁੜ ਉੱਚੇ ਪੌੜੀਨੁਮਾਂ ਖੇਤਾਂ ਤੱਕ ਪਹੁੰਚਾਉਣਾ ਅਸੰਭਵ ਸੀ। ਇਸ ਸਮੱਸਿਆ ਨੂੰ ਲੈ ਕੇ ਉਹ ਡਾਢੇ ਪਰੇਸ਼ਾਨ ਸਨ ਪਰ ਇਕ ਗੱਲ ਦੀ ਤਸੱਲੀ ਜ਼ਰੂਰ ਸੀ ਕਿ ਉਨ੍ਹਾਂ ਕੋਲ ਸਰਸਵਤੀ ਤਾਂ ਹੈ ਜਿਹੜੀ ਨਾ ਸਿਰਫ਼ ਵਿੱਦਿਆ ਦੀ ਲੋਅ ਵੰਡ ਰਹੀ ਹੈ ਸਗੋਂ ਉਨ੍ਹਾਂ ਦੀ ਹਨ੍ਹੇਰੀ ਦੁਨੀਆ ਨੂੰ ਗਿਆਨ ਦੇ ਚਾਨਣ ਨਾਲ ਰੁਸ਼ਨਾ ਰਹੀ ਹੈ। ਕਬੀਲੇ ਦੇ ਸਰਦਾਰ ਦੀ ਧੀ ਸਰਸਵਤੀ ਨੇ ਆਪਣੇ ਅਤੇ ਆਸ-ਪਾਸ ਦੇ ਪਿੰਡਾਂ ਦੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਹੋਇਆ ਸੀ। ਕਿਤਾਬਾਂ, ਕਾਪੀਆਂ ਅਤੇ ਹੋਰ ਸਹਾਇਕ ਸਮੱਗਰੀ ਇਕ ਸਮਾਜ ਸੇਵੀ ਸੰਸਥਾ ਪਹੁੰਚਾ ਰਹੀ ਸੀ। ਇਕ ਕਲੱਬ ਵੱਲੋਂ ਸਰਸਵਤੀ ਤੇ ਉਸ ਦੀਆਂ ਸਹਿਯੋਗੀ ਅਧਿਆਪਕਾਵਾਂ ਲਈ ਸਾਈਕਲ ਭੇਜੇ ਗਏ ਜਿਸ ਕਰਕੇ ਉਹ ਸੰਜੀਦਗੀ ਨਾਲ ਵਿੱਦਿਆ ਦੀ ਰੋਸ਼ਨੀ ਵੰਡਣ ਲੱਗੀਆਂ। ਲੋਕਾਂ ਨੇ ਸਰਸਵਤੀ ਨੂੰ 'ਵਿੱਦਿਆ ਦੀ ਦੇਵੀ' ਦਾ ਖ਼ਿਤਾਬ ਦਿੱਤਾ ਹੋਇਆ ਸੀ।

ਪਾਰਲੇ ਪਾਸੇ ਵਾਲੇ ਕਬੀਲੇ ਦੇ ਨੌਜਵਾਨਾਂ ਨੇ ਵਿੱਦਿਆ ਦੇ ਮਹੱਤਵ ਨੂੰ ਸਮਝ ਕਿਸੇ 'ਸਰਸਵਤੀ' ਦੀ ਭਾਲ ਕੀਤੀ ਪਰ ਨਾਕਾਮ ਰਹੇ। ਫਿਰ ਪਿੰਡ ਦੇ ਬਜ਼ੁਰਗਾਂ ਨੇ ਨੌਜਵਾਨਾਂ ਨੂੰ ਸੁਝਾਅ ਦਿੱਤਾ ਕਿ ਤੁਸੀਂ ਪਹਾੜੀ ਵਿੱਚ ਸੁਰੰਗ ਬਣਾ ਕੇ ਉੱਧਰ ਪਾਣੀ ਪਹੁੰਚਾ ਦਿਓ -- ਉਹ ਸੁਰੰਗ ਵਿੱਚੋਂ ਦੀ ਲੰਘਣ ਵਾਲੀ ਨਹਿਰ ਦੇ ਕੰਢੇ-ਕੰਢੇ 'ਇਲਮ ਦੀ ਰੌਸ਼ਨੀ' ਇੱਧਰ ਪਹੁੰਚਾ ਦੇਣਗੇ। ਇਕ ਸਿਰੜੀ ਤੇ ਪੱਕੇ ਇਰਾਦੇ ਵਾਲੇ ਨੌਜਵਾਨ ਇੰਦਰ ਦੀ ਅਗਵਾਈ ਹੇਠ ਕਬੀਲੇ ਦੇ ਨੌਜਵਾਨ ਗੈਂਤੀਆਂ, ਛੈਣੀਆਂ ਤੇ ਹਥੌੜੇ ਲੈ ਕੇ ਪਹਾੜੀ ਵਿੱਚੋਂ ਦੀ ਸੁਰੰਗ ਬਣਾਉਣ ਲੱਗੇ। ਭਾਵੇਂ ਕੰਮ ਔਖਾ ਸੀ ਪਰ ਹਿੰਮਤ, ਦ੍ਰਿੜ੍ਹ ਇੱਛਾ ਅਤੇ ਮਿਹਨਤ ਸਾਹਮਣੇ ਕੁਝ ਵੀ ਅਸੰਭਵ ਨਹੀਂ ਹੁੰਦਾ ਉਹ ਸੁਰੰਗ ਤੱਕ ਪਾਣੀ ਲਿਆਉਣ ਲਈ ਨਹਿਰ ਦਾ ਨਿਰਮਾਣ ਕਰਨ 'ਚ ਸਫ਼ਲ ਰਹੇ। ਇੱਧਰ ਵੀ ਖੇਤ ਤੱਕ ਸੂਏ ਅਤੇ ਖਾਲ ਬਣਾ ਲਏ ਗਏ। ਉਹ ਦਿਨ ਵੀ ਆ ਗਿਆ ਜਦੋਂ ਪਾਰਲੇ ਪਾਸੇ ਤੋਂ ਪਾਣੀ ਛੱਡਿਆ ਜਾਣਾ ਸੀ ਅਤੇ ਇੱਧਰ ਪਹੁੰਚਣਾ ਸੀ। ਜਸ਼ਨ ਵਰਗਾ ਮਾਹੌਲ ਸੀ। ਜਿਉਂ ਹੀ ਪਾਣੀ ਪੁੱਜਾ ਲੋਕ ਖ਼ੁਸ਼ੀ ਨਾਲ ਨੱਚ ਉੱਠੇ। ਸਰਸਵਤੀ ਨੇ ਪਾਰਲੇ ਪਾਸੇ ਬੱਚਿਆਂ ਨੂੰ ਜਾ ਕੇ ਪੜ੍ਹਾਉਣ ਦਾ ਭਰੋਸਾ ਦਿੱਤਾ। ਲੋਕਾਂ ਨੇ ਇੰਦਰ ਤੇ ਸਰਸਵਤੀ ਨੂੰ ਹਾਰਾਂ ਨਾਲ ਲੱਦ ਦਿੱਤਾ। ਇੰਦਰ ਦੇ ਪਾਣੀ ਅਤੇ ਸਰਸਵਤੀ ਦੇ ਵਿੱਦਿਆ ਦੇ ਸੰਗਮ ਨੇ ਦੋਹਾਂ ਕਬੀਲਿਆਂ ਦੀ ਦੁਸ਼ਮਣੀ ਖ਼ਤਮ ਕਰ ਇਕ ਨਿੱਘੇ, ਕੂਲੇ ਅਤੇ ਸੂਖ਼ਮ ਰਿਸ਼ਤੇ ਦੀ ਕੀਤੀ ਸਿਰਜਣਾ ਦਾ ਜਸ਼ਨ ਮਨਾਉਣ ਲੱਗੇ।

*ਪ੍ਰੀਤ ਨਗਰ-143110, ਅੰਮ੍ਰਿਤਸਰ, ਪੰਜਾਬ*

# ਤਿੰਨ ਬਾਲ ਕਵਿਤਾਵਾਂ

ਡਾ. ਦੇਵਿੰਦਰ ਬੀਬੀਪੁਰੀਆ

## (i) ਦੀਵਾਲੀ

ਜਗਮਗ ਜਗਮਗ ਹੋਏ ਬਨੇਰੇ
ਨਾਲੇ ਗਲੀ ਗਲੀ ਰੁਸ਼ਨਾਈ
ਆਪਣੇ ਸੰਗ ਲੱਖ ਖ਼ੁਸ਼ੀਆਂ ਲੈ ਕੇ
ਦੇਖੋ ਤਾਂ ਦੀਵਾਲੀ ਆਈ ।



ਬੱਚਿਆਂ ਨੇ ਨਵੇਂ ਕਪੜੇ ਪਾਏ
ਸਭ ਨੇ ਆਪਣੇ ਘਰ ਲਿਸ਼ਕਾਏ ।
ਬਰਫ਼ੀ, ਲੱਡੂ ਤੇ ਰਸ-ਗੁੱਲੇ
ਅੱਜ ਚੱਲ ਰਹੇ ਖੁੱਲ੍ਹਮ-ਖੁੱਲ੍ਹੇ ।
ਢਾਈ ਸਾਲ ਦੇ ਕਾਕੇ ਨੇ ਵੀ
ਲੱਡੂ ਖਾ ਲਏ ਪੂਰੇ ਢਾਈ ।
ਆਪਣੇ ਸੰਗ......

ਸ਼ਾਮ ਨੂੰ ਕਰਨਾ ਫਿਰ ਕੰਮ ਦੂਜਾ
ਪਹਿਲਾਂ ਲੱਛਮੀ ਮਾਂ ਦੀ ਪੂਜਾ ।
ਉਸ ਤੋਂ ਮਗਰੋਂ ਖੀਰ ਤੇ ਪੂਰੀ
ਮਿੱਠੀ ਮਿੱਠੀ  ਗੁੜ ਦੀ ਚੂਰੀ ।
ਪਰ ਛੋਟੂ ਨੇ ਕੁਝ ਨਹੀਂ ਖਾਧਾ
ਬਸ ਫਿਰਦਾ ਬੰਦੂਖ ਉਠਾਈ ।
ਆਪਣੇ ਸੰਗ......

ਰਾਤ ਨੂੰ 'ਕੱਠੇ ਹੋ ਕੇ ਯਾਰ
ਛੱਡਦੇ ਬੰਬ, ਰਾਕੇਟ, ਅਨਾਰ ।
ਕੁੜੀਆਂ ਨੂੰ ਭਾਵਣ ਫੁਲਝੜੀਆਂ
ਘਰਾਂ ਤੇ ਚਮ ਚਮ ਚਮਕਣ ਲੜੀਆਂ
ਦੇਖੋ ਦੀਵਾਰਾਂ ਦੇ ਉੱਤੇ
ਦੀਵੇ ਬੈਠੇ ਲਾਈਨ ਲਗਾਈ ।
ਆਪਣੇ ਸੰਗ......

## (ii) ਚਿੜੀਆ ਰਾਣੀ

ਸੁਣ ਲਉ ਬੱਚਿਓ ਇਕ ਕਹਾਣੀ
ਇਕ ਹੁੰਦੀ ਸੀ ਚਿੜੀਆ ਰਾਣੀ
ਵੇਖਣ ਨੂੰ ਲੱਗਦੀ ਸੀ ਨਿਆਣੀ
ਪਰ ਅਸਲੋਂ ਸੀ ਬੜੀ ਸਿਆਣੀ ।



ਇਕ ਦਿਨ ਚਿੜੀਆ ਕਾਂ ਨੂੰ ਬੋਲੀ
ਚੱਲ ਚੁਗ ਕੇ ਕੁਝ ਤੀਲ੍ਹੇ ਲਿਆਈਏ
ਵਰਖਾ ਰੁੱਤ ਹੈ ਆਵਣ ਵਾਲੀ
ਆਪਾਂ ਵੀ ਇਕ ਘਰ ਬਣਾਈਏ
ਚੱਲ ਕਰੀਏ ਕੋਈ ਗੱਲ ਸਿਆਣੀ
ਸੁਣ ਲਉ ਬੱਚਿਓ ਇਕ ਕਹਾਣੀ ।

ਕਾਂ ਕਹਿੰਦਾ ਛੱਡ ਕਿਸ ਨੇ ਜਾਣਾ
ਇਕ-ਇਕ ਤੀਲ੍ਹਾ ਚੁਗ ਕੇ ਲਿਆਉਣਾ
ਇੰਨੀ ਮਿਹਨਤ ਕਿਸ ਦੇ ਵੱਸ ਦੀ
ਚਿੜੀਆ ਕਰ ਲਿਆ ਕਰ ਕਦੇ ਮਸਤੀ
ਆਪਾਂ ਤਾਂ ਵਿਹਲੇ ਬਹਿ ਖਾਣੀ
ਸੁਣ ਲਉ ਬੱਚਿਓ ਇਕ ਕਹਾਣੀ ।

ਚਿੜੀਆ ਨੇ ਹਿੰਮਤ ਦਿਖਲਾਈ
ਤੀਲ੍ਹੇ 'ਕੱਠੇ ਕਰਕੇ ਲਿਆਈ
ਕੰਮ ਔਖਾ ਉਸ ਕਰ ਦਿਖਾਇਆ
ਜੋੜ ਕੇ ਤੀਲ੍ਹੇ ਘਰ ਬਣਾਇਆ
ਕਾਂ ਨੂੰ ਹੋਈ ਬੜੀ ਹੈਰਾਨੀ
ਸੁਣ ਲਉ ਬੱਚਿਓ ਇਕ ਕਹਾਣੀ ।

ਬਰਸਾਤਾਂ ਦਾ ਮੌਸਮ ਆਇਆ
ਵੇਖ ਕੇ ਕਾਲਾ ਕਾਂ ਘਬਰਾਇਆ
ਜਦ ਅੰਬਰ ਵਿੱਚ ਬੱਦਲ ਗੱਜਿਆ
ਤੀਲ੍ਹੇ ਲੈਣ ਲਈ ਕਾਂ ਭੱਜਿਆ
ਪਰ ਇੰਨੇ ਨੂੰ ਵਰ੍ਹਿਆ ਪਾਣੀ
ਸੁਣ ਲਉ ਬੱਚਿਓ ਇਕ ਕਹਾਣੀ ।

ਮੀਂਹ ਆਇਆ ਤਾਂ ਠੰਢ ਵੱਧ ਗਈ
ਚਿੜੀਆ ਰਾਣੀ ਘਰ ਵਿੱਚ ਵੜ ਗਈ
ਕਾਂ ਦਾ ਇਕ ਨਾ ਚਾਰਾ ਚੱਲਿਆ
ਉਹ ਵਿਚਾਰਾ ਠੰਡ ਵਿੱਚ ਮਰਿਆ
ਯਾਦ ਆ ਗਈ ਉਸ ਨੂੰ ਨਾਨੀ
ਸੁਣ ਲਉ ਬੱਚਿਓ ਇਕ ਕਹਾਣੀ ।

(ਬਾਕੀ ਅਗਲੇ ਪੰਨੇ ਉੱਤੇ)

ਜੋ ਬੱਚੇ ਕੰਮ ਸਮੇਂ ਤੇ ਕਰਦੇ
ਉਹ ਬੱਚੇ ਕਦੇ ਦੁੱਖ ਨਾ ਜਰਦੇ
ਜਿਹੜੇ ਕੰਮ ਲਟਕਾਈ ਜਾਂਦੇ
ਸਮੇਂ ਤੋਂ ਮਾਰਾਂ ਖਾਈ ਜਾਂਦੇ
ਸਹਿਣੀ ਪੈਂਦੀ ਉਨ੍ਹਾਂ ਨੂੰ ਹਾਨੀ
ਸੁਣ ਲਉ ਬੱਚਿਓ ਇਕ ਕਹਾਣੀ ।

(iii)

### ਸੌਂ ਜਾ ਪੁੱਤਰ



ਤਾਰਿਆਂ ਨੇ 'ਕੱਠੇ ਹੋ ਕੇ
ਅੰਬਰ ਦੇ ਵਿੱਚ ਟਿਮ-ਟਿਮ ਲਾਈ
ਸੌਂ ਜਾ ਪੁੱਤਰ ਨਿੰਨੀ ਆਈ

ਦਾਦੀ ਦੀ ਮੁੱਕ ਗਈ ਕਹਾਣੀ
ਘਰ ਨੂੰ ਮੁੜ ਗਈ ਚਿੜੀਆ ਰਾਣੀ
ਰੁੱਖ ਤੇ ਚੜ੍ਹ ਕੇ ਕਾਟੋ ਸੌਂ ਗਈ
ਤਿਤਲੀ ਵੀ ਖ਼ਾਬਾਂ ਵਿੱਚ ਖੋ ਗਈ
ਹੁਣ ਤਾਂ ਦੇਖੋ ਸੌਣ ਵਾਸਤੇ
ਬੁਲਬੁਲ ਨੇ ਵੀ ਲਈ ਅੰਗੜਾਈ
ਸੌਂ ਜਾ ਪੁੱਤਰ ਨਿੰਨੀ ਆਈ

ਬੰਦ ਹੋਇਆ ਚਾਚੇ ਦਾ ਢਾਬਾ
ਦੇਖੋ ਸੌਂ ਗਿਆ ਬਰਗਦ ਬਾਬਾ
ਬਿੱਲੀ ਮਾਸੀ ਵੀ ਹੈ ਸੋਈ
ਬਾਂਦਰ ਵੀ ਨਾ ਦਿਸਦਾ ਕੋਈ
ਕੋਇਲ ਦੇ ਬੱਚੇ ਵੀ ਸੌਂ ਗਏ
ਕੋਇਲ ਨੇ ਜਦ ਲੋਰੀ ਗਾਈ
ਸੌਂ ਜਾ ਪੁੱਤਰ ਨਿੰਨੀ ਆਈ

ਜੋ ਬੱਚੇ ਜਲਦੀ ਸੌਂ ਜਾਵਣ
ਉਹ ਬੱਚੇ ਬੀਬੇ ਕਹਿਲਾਵਣ
ਜਿਹੜੇ ਜਾਗਣ ਦੇਰ ਰਾਤ ਤੱਕ,
ਤੜਕੇ ਜਲਦੀ ਨਾ ਉੱਠ ਪਾਵਣ
ਚੁੱਪ-ਚਾਪ ਹੁਣ ਪੀ ਕੇ ਸੌਂ ਜਾ
ਮੰਮੀ ਦੁੱਧ ਗਰਮ ਕਰ ਲਿਆਈ
ਸੌਂ ਜਾ ਪੁੱਤਰ ਨਿੰਨੀ ਆਈ...

—o—

*'ਤੋਤਲੇ ਫੁੱਲਾਂ'ਦੀ ਮਹਿਕ'*
*ਵਿੱਚੋਂ ਧੰਨਵਾਦ ਸਹਿਤ*

# ਸਾਹਿਤਕ ਸਮਾਚਾਰ

## ਨੌਵਾਂ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਣ

ਨੌਵਾਂ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਣ ਪ੍ਰਸਿੱਧ ਬੁੱਧੀਜੀਵੀ, ਡਾ. ਜਸਵੰਤ ਸਿੰਘ ਨੇਕੀ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ ਆਡੀਟੋਰੀਅਮ ਵਿਖੇ 28 ਸਤੰਬਰ, 2013 ਨੂੰ ਪ੍ਰਸਿੱਧ ਗਲਪਕਾਰ ਅਤੇ ਉੱਘੇ ਪੱਤਰਕਾਰ ਸ. ਗੁਰਬਚਨ ਸਿੰਘ ਭੁੱਲਰ ਵੱਲੋਂ ਪੇਸ਼ ਕੀਤਾ ਗਿਆ । ਡਾ. ਰੇਣੁਕਾ ਸਿੰਘ, ਸ. ਗੁਲਜ਼ਾਰ ਸਿੰਘ ਸੰਧੂ, ਡਾ. ਮਹਿੰਦਰ ਕੌਰ ਗਿੱਲ ਅਤੇ ਡਾ. ਕਰਨਜੀਤ ਸਿੰਘ, ਡਾ. ਨੇਕੀ ਦੇ ਨਾਲ ਮੰਚ 'ਤੇ ਬਿਰਜਾਮਾਨ ਸਨ । ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ. ਕਰਨਜੀਤ ਸਿੰਘ ਨੇ ਭਾਪਾ ਪ੍ਰੀਤਮ ਸਿੰਘ ਜੀ ਦੇ ਵੱਡਮੁੱਲੇ ਯੋਗਦਾਨ ਦਾ ਜ਼ਿਕਰ ਕੀਤਾ । ਡਾ. ਜਸਵੰਤ ਸਿੰਘ ਨੇਕੀ ਅਤੇ ਸ. ਗੁਰਬਚਨ ਸਿੰਘ ਭੁੱਲਰ ਦਾ ਗੁਲਦਸਤੇ ਭੇਟ ਕਰਕੇ ਸ. ਦਰਸ਼ਨ ਸਿੰਘ ਅਤੇ ਸ. ਚਰਨਜੀਤ ਸਿੰਘ 'ਚੰਨ' ਨੇ ਸੁਆਗਤ ਕੀਤਾ । ਸ. ਗੁਰਬਚਨ ਸਿੰਘ ਭੁੱਲਰ ਨੇ ਆਪਣੇ ਭਾਸ਼ਣ 'ਪੰਜਾਬੀ ਦਾ ਕੌਮੀ ਅਤੇ ਕੌਮਾਂਤਰੀ ਭਵਿੱਖ' ਵਿੱਚ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਦੀ ਖੁੱਲ੍ਹ ਕੇ ਚਰਚਾ ਕੀਤੀ । ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬੀ ਭਾਈਚਾਰਾ ਪੰਜਾਬੀ ਦੀਆਂ ਅਕਾਦਮਿਕ ਅਤੇ ਰਾਜਨੀਤਿਕ ਸਮੱਸਿਆਵਾਂ ਦੇ ਹੱਲ ਲਈ ਇਕਮੁੱਠ ਅਤੇ ਜਾਗਰਿਤ ਨਹੀਂ ਹੋਇਆ ਤਾਂ ਇਸ ਦੇ ਦੂਰਗਾਮੀ ਨਤੀਜੇ ਨਿਕਲ ਸਕਦੇ ਹਨ । ਪ੍ਰੋਗਰਾਮ ਦੇ ਸਮਾਪਨ ਤੇ ਡਾ. ਮਹਿੰਦਰ ਕੌਰ ਗਿੱਲ ਨੇ ਆਏ ਸਾਹਿਤਕਾਰਾਂ ਅਤੇ ਪੰਜਾਬੀ ਪ੍ਰੇਮੀਆਂ ਦਾ ਧੰਨਵਾਦ ਕੀਤਾ ।

— ***ਰਵਿੰਦਰ ਨੰਦਾ***

**ਲੇਖਕਾਂ/ਪਾਠਕਾਂ ਪਾਸ ਬੇਨਤੀ ਹੈ ਕਿ ਅਗਰ ਪਤੇ ਵਿੱਚ ਕੋਈ ਤਬਦੀਲੀ ਹੋ ਗਈ ਹੋਵੇ ਤਾਂ ਪੱਤਰ ਦੁਆਰਾ ਜਲਦੀ ਸੂਚਿਤ ਕਰਨ ਦੀ ਕਿਰਪਾ ਕਰੋ ।**

**-- ਸੰਪਾਦਕ**

# ਪਰੀਸ਼ਦ ਗਤੀਵਿਧੀਆਂ



14 ਸਤੰਬਰ, 2013 ਨੂੰ ਲਕਸ਼ਮੀਬਾਈ ਨਗਰ ਵਿੱਚ ਪਾਰਕ ਦਾ ਉਦਘਾਟਨ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਕੀਤਾ। ਇਸ ਮੌਕੇ ਤੇ ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ, ਪਰੀਸ਼ਦ ਮੈਂਬਰ ਸ੍ਰੀ ਸੁਕਾਰਾਮ, ਪਰੀਸ਼ਦ ਸਕੱਤਰ ਸ੍ਰੀ ਵਿਕਾਸ ਆਨੰਦ, ਸੀਨੀਅਰ ਪਰੀਸ਼ਦ ਅਧਿਕਾਰੀਗਣ ਮੌਜੂਦ ਸਨ।



21 ਸਤੰਬਰ, 2013 ਨੂੰ ਲੋਧੀ ਗਾਰਡਨ ਵਿੱਚ ਪਬਲਿਕ ਆਰਟ ਦਾ ਅਵਲੋਕਨ ਕਰਦੀ ਹੋਈ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਿਤ। ਨਾਲ ਹਨ ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ, ਸੀਨੀਅਰ ਅਧਿਕਾਰੀਗਣ, ਸਵੇਰੇ ਸੈਰ ਕਰਨ ਵਾਲੇ ਲੋਕ।

# ਪਰੀਸ਼ਦ ਗਤੀਵਿਧੀਆਂ





22 ਸਤੰਬਰ, 2013 ਨੂੰ ਸ੍ਰੀਮਤੀ ਸ਼ੀਲਾ ਦੀਕਸ਼ਿਤ ਮੁੱਖ ਮੰਤਰੀ ਦਿੱਲੀ ਨੇ ਫਲ ਅਤੇ ਸਬਜ਼ੀ ਵੇਚਣ ਵਾਲੇ ਬੈਟਰੀ ਚਾਲਿਤ ਵਾਹਨਾਂ ਦੀ ਮੰਦਿਰ ਮਾਰਗ ਤੇ ਹਰੀ ਝੰਡੀ ਵਿਖਾ ਕੇ ਸ਼ੁਰੂਆਤ ਕੀਤੀ।

24 ਸਤੰਬਰ, 2013 ਨੂੰ ਪੁਰਾਣਾ ਕਿਲ੍ਹਾ ਰੋਡ ਸਥਿਤ ਸਕੂਲ ਆਫ਼ ਗਾਰਡਨਿੰਗ ਵਿੱਚ ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਦੱਖਣੀ ਦਿੱਲੀ ਨਗਰ ਨਿਗਮ ਦੇ 360 ਮਾਲੀਆਂ ਲਈ ਆਯੋਜਿਤ ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।



# ਪਰੀਸ਼ਦ ਗਤੀਵਿਧੀਆਂ



28 ਸਤੰਬਰ, 2013 ਨੂੰ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਭਾਰਤੀ ਨਗਰ ਵਿੱਚ ਸੀਮਿੰਟ-ਕੰਕ੍ਰੀਟ ਰੋਡ ਬਨਾਉਣ ਦੀ ਪਰਿਯੋਜਨਾ, ਬੀ. ਕੇ. ਦੱਤ ਕਾਲੋਨੀ ਵਿੱਚ ਸੜਕਾਂ ਦਾ ਪੁਨਰ-ਸਤਹੀਕਰਣ ਪਰਿਯੋਜਨਾ ਅਤੇ ਬੀ. ਕੇ. ਦੱਤ ਕਾਲੋਨੀ ਦੇ ਡੀ. ਅਤੇ ਈ. ਬਲਾਕ ਵਿੱਚ ਬਿਲਡਿੰਗ ਸੁਧਾਰ ਕਾਰਜ ਪਰਿਯੋਜਨਾ ਦਾ ਨੀਂਹ-ਪੱਥਰ ਰੱਖਿਆ। ਇਸ ਮੌਕੇ ਤੇ ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ, ਪਰੀਸ਼ਦ ਮੀਤ-ਪ੍ਰਧਾਨ ਸ੍ਰੀਮਤੀ ਤਾਜਦਾਰ ਬਾਬਰ, ਪਰੀਸ਼ਦ ਮੈਂਬਰ ਸ੍ਰੀ ਆਈ. ਕੇ. ਸਿੱਦੀਕੀ ਅਤੇ ਸ੍ਰੀ ਸੁਕਾਰਾਮ ਅਤੇ ਲੋਕਲ ਵਸਨੀਕ ਵੀ ਮੌਜੂਦ ਸਨ।




ਪਰੀਸ਼ਦ ਦੇ ਸਿੱਖਿਆ ਵਿਭਾਗ ਵੱਲੋਂ 'ਪ੍ਰਯੋਗਾਤਮਕ ਸ਼ਿਕਸ਼ਣ ਨਾਲ ਹੀ ਬੱਚਿਆਂ ਦਾ ਰਚਨਾਤਮਕ ਵਿਕਾਸ' ਵਿਸ਼ੇ ਤੇ ਮਿਤੀ 8 ਅਕਤੂਬਰ, 2013 ਤੋਂ 12 ਅਕਤੂਬਰ, 2013 ਤੱਕ ਇਕ ਕੈਂਪ ਦਾ ਆਯੋਜਨ ਕੀਤਾ ਗਿਆ ਸੀ ਜਿਸ ਵਿੱਚ ਪਰੀਸ਼ਦ ਦੇ 8 ਸਕੂਲਾਂ ਦੇ ਲਗਪਗ 200 ਵਿਦਿਆਰਥੀਆਂ ਨੇ ਹਿੱਸਾ ਲਿਆ। ਇਹ ਪ੍ਰੋਗਰਾਮ ਵਿਦੁਸ਼ੀ ਚਤੁਰਵੇਦੀ ਨਿਦੇਸ਼ਕ (ਸਿੱਖਿਆ) ਦੇ ਮਾਰਗ ਦਰਸ਼ਨ ਵਿੱਚ ਸੰਪੰਨ ਹੋਇਆ।




ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ 26 ਸਤੰਬਰ, 2013 ਨੂੰ ਪਰੀਸ਼ਦ ਹੈੱਡ ਆਫ਼ਿਸ ਵਿੱਚ ਆਯੋਜਿਤ ਇਕ ਸਮਾਰੋਹ ਵਿੱਚ ਹਿੰਦੀ ਪ੍ਰਤਿਯੋਗਤਾਵਾਂ ਦੇ 24 ਜੇਤੂਆਂ ਨੂੰ ਇਨਾਮ ਵੰਡੇ । ਹਿੰਦੀ ਵਿਭਾਗ ਵੱਲੋਂ ਆਯੋਜਿਤ ਵਿਭਿੰਨ ਪ੍ਰਤਿਯੋਗਤਾਵਾਂ ਵਿੱਚ ਲਗਭਗ 500 ਤੋਂ ਜ਼ਿਆਦਾ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਹਿੱਸਾ ਲਿਆ ਸੀ ।




हिन्दी पुरस्कार वितरण समारोह
हिन्दी विभाग
नई दिल्ली नगरपालिका परिषद्